# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 18.06.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | June 2024 | Published in Punjab | Pages 8


## ਤੇਲੰਗਾਨਾ ਚ ਕਾਂਗਰਸੀ ਵਿਧਾਇਕ ਨੂੰ ਬਕਰੀਦ ਤੇ ਵਧਾਈਆਂ ਦੇਣੀਆਂ ਪਈਆਂ ਮਹਿੰਗੀਆਂ,



ਤੇਲੰਗਾਨਾ ਵਿਚ ਸੱਤਾਧਾਰੀ ਕਾਂਗਰਸ ਦਾ ਇਕ ਵਿਧਾਇਕ ਸੋਮਵਾਰ ਨੂੰ ਉਸ ਸਮੇਂ ਵਿਵਾਦਾਂ ਵਿਚ ਘਿਰ ਗਿਆ, ਜਦੋਂ ਉਸ ਨੇ ਸੋਸ਼ਲ ਮੀਡੀਆ ’ਤੇ ਬਕਰੀਦ ਦੀ ਵਧਾਈ ਦਿੰਦੇ ਹੋਏ ਗਾਂ ਦੀ ਗ੍ਰਾਫਿਕ ਤਸਵੀਰ ਸ਼ਾਮਲ ਕੀਤੀ। ਇਸ ’ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਤਿੱਖੀ ਪ੍ਰਤੀਕਿਰਿਆ ਦਿੱਤੀ।

ਕਾਂਗਰਸੀ ਵਿਧਾਇਕ ਕੁੰਬਮ ਅਨਿਲ ਕੁਮਾਰ ਰੈੱਡੀ ਨੇ ਬਾਅਦ ਵਿਚ ‘ਅਣਜਾਣੇ ਵਿਚ ਹੋਈ ਗਲਤੀ’ ਲਈ ਮੁਆਫੀ ਮੰਗੀ। ਭਾਜਪਾ ਵਿਧਾਇਕ ਰਾਜਾ ਸਿੰਘ ਨੇ ਰੈੱਡੀ ਵੱਲੋਂ ਬਕਰੀਦ ਦੀ ਵਧਾਈ ’ਚ ਗਾਂ ਦੀ ਤਸਵੀਰ ਦੀ ਵਰਤੋਂ ਕਰਨ ’ਤੇ ਇਤਰਾਜ਼ ਜਤਾਉਂਦਿਆਂ ਦੋਸ਼ ਲਾਇਆ ਕਿ ਜਿੱਥੇ ਵੀ ਕਾਂਗਰਸ ਦੀ ਸਰਕਾਰ ਬਣੀ ਹੈ, ਉੱਥੇ ਹਿੰਦੂਆਂ ਦਾ ਅਪਮਾਨ ਕੀਤਾ ਜਾਂਦਾ ਹੈ। ਅਨਿਲ ਕੁਮਾਰ ਰੈੱਡੀ ਨੇ ਬਾਅਦ ਵਿਚ ਇਕ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਪਰੰਪਰਾਵਾਂ ਦਾ ਪਾਲਣ ਕਰਦੇ ਹਨ। ਉਨ੍ਹਾਂ ਕਿਹਾ, ‘ਜੇਕਰ ਕਿਸੇ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਇਸ ਲਈ ਮੁਆਫ਼ੀ ਚਾਹੁੰਦਾ ਹਾਂ। ਮੈਂ ਰਾਮ ਭਗਤ ਹਾਂ।’

## ਰਾਹੁਲ ਗਾਂਧੀ ਨੇ ਛੱਡੀ ਵਾਇਨਾਡ ਸੀਟ, ਰਾਏਬਰੇਲੀ ਤੋਂ ਬਣੇ ਰਹਿਣਗੇ ਸਾਂਸਦ



ਕਾਂਗਰਸੀ ਨੇਤਾ ਰਾਹੁਲ ਗਾਂਧੀ ਕੇਰਲ ਦੀ ਵਾਇਨਾਡ ਲੋਕ ਸਭਾ ਸੀਟ ਛੱਡ ਕੇ ਸੰਸਦ ਦੇ ਹੇਠਲੇ ਹਾਊਸ ’ਚ ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਦੀ ਨੁਮਾਇੰਦਗੀ ਕਰਨਗੇ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਰਾਹੁਲ ਗਾਂਧੀ ਵੱਲੋਂ ਖਾਲੀ ਕੀਤੀ ਗਈ ਵਾਇਨਾਡ ਲੋਕ ਸਭਾ ਸੀਟ ਤੋਂ ਚੋਣ ਲੜੇਗੀ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੋਮਵਾਰ ਇਹ ਜਾਣਕਾਰੀ ਦਿੱਤੀ। ਉਹ ਇੱਥੇ ਆਪਣੀ ਰਿਹਾਇਸ਼ ਵਿਖੇ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ ਨਾਲ ਇਸ ਮੁੱਦੇ ’ਤੇ ਚਰਚਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ 2 ਲੋਕ ਸਭਾ ਸੀਟਾਂ ਤੋਂ ਜਿੱਤੇ ਹਨ ਪਰ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਇਕ ਸੀਟ ਛੱਡਣੀ ਪਵੇਗੀ। ਰਾਹੁਲ ਗਾਂਧੀ ਰਾਏਬਰੇਲੀ ਸੀਟ ਬਰਕਰਾਰ ਰੱਖਣਗੇ। ਅਸੀਂ ਫੈਸਲਾ ਕੀਤਾ ਹੈ ਕਿ ਪ੍ਰਿਯੰਕਾ ਜੀ ਵਾਇਨਾਡ ਤੋਂ ਚੋਣ ਲੜਨਗੇ। ਚਰਚਾ ਦੌਰਾਨ ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ, ਰਾਹੁਲ ਗਾਂਧੀ, ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਅਤੇ ਪ੍ਰਿਯੰਕਾ ਗਾਂਧੀ ਵੀ ਮੌਜੂਦ ਸਨ।

ਵਾਇਨਾਡ ਤੇ ਰਾਏਬਰੇਲੀ ਨਾਲ ਮੇਰਾ ਭਾਵਨਾਤਮਕ ਸਬੰਧ : ਰਾਹੁਲ ਗਾਂਧੀ

ਇਸ ਦੌਰਾਨ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਰਾਹੁਲ ਗਾਂਧੀ ਨੇ ਕਿਹਾ, ''ਮੇਰਾ ਵਾਇਨਾਡ ਤੇ ਰਾਏਬਰੇਲੀ ਨਾਲ ਭਾਵਨਾਤਮਕ ਸਬੰਧ ਹੈ। ਮੈਂ ਪਿਛਲੇ 5 ਸਾਲਾਂ ਤੋਂ ਵਾਇਨਾਡ ਤੋਂ ਸੰਸਦ ਮੈਂਬਰ ਸੀ। ਮੈਂ ਉੱਥੋਂ ਦੇ ਲੋਕਾਂ ਦੇ ਪਿਆਰ ਤੇ ਸਮਰਥਨ ਲਈ ਧੰਨਵਾਦ ਕਰਦਾ ਹਾਂ।''

ਪ੍ਰਿਯੰਕਾ ਨੇ ਕਿਹਾ - 'ਰਾਹੁਲ ਦੀ ਕਮੀ ਮਹਿਸੂਸ ਨਹੀਂ ਹੋਣ ਦੇਵਾਂਗੀ'

ਇਸ ਫੈਸਲੇ ਤੋਂ ਬਾਅਦ ਪ੍ਰਿਯੰਕਾ ਗਾਂਧੀ ਨੇ ਵਾਇਨਾਡ ਦੇ ਲੋਕਾਂ ਨੂੰ ਰਾਹੁਲ ਦੀ ਕਮੀ ਮਹਿਸੂਸ ਨਾ ਹੋਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ, ''ਮੈਂ ਵਾਇਨਾਡ ਨੂੰ ਰਾਹੁਲ ਦੀ ਕਮੀ ਮਹਿਸੂਸ ਨਹੀਂ ਹੋਣ ਦੇਵਾਂਗੀ। ਮੈਂ ਸਖ਼ਤ ਮਿਹਨਤ ਕਰਾਂਗੀ ਤੇ ਇਕ ਚੰਗੀ ਪ੍ਰਤੀਨਿਧੀ ਬਣਾਂਗੀ।''

ਰਾਹੁਲ ਨੇ ਵਾਇਨਾਡ ਦੀ ਬਜਾਏ ਰਾਏਬਰੇਲੀ ਸੀਟ ਕਿਉਂ ਚੁਣੀ?

ਰਾਏਬਰੇਲੀ ਲੋਕ ਸਭਾ ਸੀਟ ਗਾਂਧੀ ਪਰਿਵਾਰ ਦਾ ਗੜ੍ਹ ਹੈ। ਸੋਨੀਆ ਗਾਂਧੀ ਲੰਬੇ ਸਮੇਂ ਤੋਂ ਇੱਥੋਂ ਜਿੱਤ ਕੇ ਸੰਸਦ ’ਚ ਪਹੁੰਚਦੀ ਰਹੀ ਹੈ। ਰਾਹੁਲ ਗਾਂਧੀ ਦੇ ਪਿਤਾ ਰਾਜੀਵ ਗਾਂਧੀ ਅਮੇਠੀ ਤੋਂ ਅਤੇ ਪੜਦਾਦਾ ਜਵਾਹਰ ਲਾਲ ਨਹਿਰੂ ਇਲਾਹਾਬਾਦ ਤੋਂ ਚੋਣ ਲੜਦੇ ਸਨ। ਮਾਤਾ ਸੋਨੀਆ ਗਾਂਧੀ, ਦਾਦੀ ਇੰਦਰਾ ਅਤੇ ਦਾਦਾ ਫਿਰੋਜ਼ ਗਾਂਧੀ ਰਾਏਬਰੇਲੀ ਸੀਟ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ।

ਸਿਆਸਤ ਪੱਖੋਂ ਯੂ.ਪੀ. ਇਕ ਬਹੁਤ ਮਹੱਤਵਪੂਰਨ ਸੂਬਾ ਹੈ। ਇਸ ਲਈ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਯੂ.ਪੀ. ਦੀ ਸਿਆਸਤ 'ਚ ਵਾਪਸੀ ਕਰਨ ਲਈ ਕਾਂਗਰਸ ਲੀਡਰਸ਼ਿਪ ਚਾਹੁੰਦੀ ਸੀ ਕਿ ਰਾਹੁਲ ਰਾਏਬਰੇਲੀ ਤੋਂ ਹੀ ਸੰਸਦ ਮੈਂਬਰ ਬਣੇ ਰਹਿਣ।

## LIC ਆਪਣੀਆਂ ਜਾਇਦਾਦਾਂ, ਜ਼ਮੀਨ ਤੇ ਇਮਾਰਤਾਂ ਵੇਚ ਇਕੱਠਾ ਕਰੇਗੀ 7 ਅਰਬ ਡਾਲਰ



ਦੇਸ਼ ਦੇ ਪ੍ਰਮੁੱਖ ਮਹਾਨਗਰਾਂ ਵਿੱਚ ਸਥਿਤ ਕੁਝ ਸਭ ਤੋਂ ਮਹਿੰਗੀਆਂ ਰੀਅਲ ਅਸਟੇਟ ਜਲਦੀ ਵੇਚੀਆਂ ਜਾ ਸਕਦੀਆਂ ਹਨ। ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ (LIC) ਆਪਣੇ ਪਲਾਟਾਂ ਅਤੇ ਵਪਾਰਕ ਇਮਾਰਤਾਂ ਦੀ ਵਿਕਰੀ ਤੋਂ 6-7 ਅਰਬ ਡਾਲਰ ਜੁਟਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਮਾਮਲੇ ਦੇ ਜਾਣਕਾਰ ਦੋ ਲੋਕਾਂ ਨੇ ਦੱਸਿਆ ਕਿ ਭਾਰਤ ਦੇ ਤੀਜੇ ਸਭ ਤੋਂ ਵੱਡੇ ਮਕਾਨ ਮਾਲਕ ਐੱਲਆਈਸੀ ਨੇ ਦੇਸ਼ ਭਰ ਵਿੱਚ ਆਪਣੀ ਰੀਅਲ ਅਸਟੇਟ ਸੰਪਤੀਆਂ ਲਈ ਇੱਕ ਵਿਕਰੀ ਯੋਜਨਾ ਤਿਆਰ ਕਰਨ ਲਈ ਇੱਕ ਅੰਦਰੂਨੀ ਟੀਮ ਨੂੰ ਕੰਮ ਸੌਂਪਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪ੍ਰਕਿਰਿਆ ਮੁੰਬਈ ਤੋਂ ਸ਼ੁਰੂ ਹੋ ਸਕਦੀ ਹੈ।ਦੋ ਵਿਅਕਤੀਆਂ ਵਿੱਚੋਂ ਇੱਕ ਨੇ ਕਿਹਾ ਕਿ ਅਸੀਂ ਇਸ ਯੋਜਨਾ 'ਤੇ ਕੰਮ ਕਰ ਰਹੇ ਹਾਂ। ਅਸੀਂ ਕਈ ਵਿਕਲਪਾਂ 'ਤੇ ਅੰਦਰੂਨੀ ਤੌਰ 'ਤੇ ਚਰਚਾ ਕਰ ਰਹੇ ਹਾਂ। ਮੁਲਾਂਕਣ ਅਭਿਆਸ ਮਹੱਤਵਪੂਰਨ ਹੋਵੇਗਾ। ਰੀਅਲ ਅਸਟੇਟ ਸੰਪਤੀਆਂ ਦਾ ਮੁਦਰੀਕਰਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਅਜੇ ਤੱਕ ਰਸਮੀ ਤੌਰ 'ਤੇ ਤੈਅ ਨਹੀਂ ਕੀਤਾ ਗਿਆ। LIC ਦੀਆਂ ਕੁਝ ਪ੍ਰੀਮੀਅਮ ਰੀਅਲ ਅਸਟੇਟ ਜਾਇਦਾਦਾਂ ਵਿੱਚ ਦਿੱਲੀ ਦੇ ਕਨਾਟ ਪਲੇਸ ਵਿੱਚ ਜੀਵਨ ਭਾਰਤੀ ਬਿਲਡਿੰਗ, ਕੋਲਕਾਤਾ ਵਿੱਚ ਚਿਤਰੰਜਨ ਐਵੇਨਿਊ ਵਿੱਚ ਐੱਲਆਈਸੀ ਬਿਲਡਿੰਗ ਅਤੇ ਮੁੰਬਈ ਵਿੱਚ ਏਸ਼ੀਆਟਿਕ ਸੁਸਾਇਟੀ ਅਤੇ ਅਕਬਰਲੀ ਦੀਆਂ ਇਮਾਰਤਾਂ ਸ਼ਾਮਲ ਹਨ। ਦੋਵਾਂ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਆਖਰੀ ਮੁੱਲਾਂਕਣ ਦੇ ਸਮੇਂ ਐਲਆਈਸੀ ਦੀ ਰੀਅਲ ਅਸਟੇਟ ਜਾਇਦਾਦ ਦੀ ਕੀਮਤ 50,000-60,000 ਕਰੋੜ ਰੁਪਏ ਸੀ।ਭਾਰਤ ਦੀ ਸਭ ਤੋਂ ਵੱਡੀ ਬੀਮਾ ਕੰਪਨੀ ਅਤੇ ਸ਼ੇਅਰ ਬਾਜ਼ਾਰ ਵਿੱਚ ਸਭ ਤੋਂ ਵੱਡੀ ਨਿਵੇਸ਼ਕ LIC ਕੋਲ 51 ਟ੍ਰਿਲੀਅਨ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਦੂਜੇ ਵਿਅਕਤੀ ਨੇ ਕਿਹਾ, “ਰਸਮੀ ਸੰਪੱਤੀ ਦੀ ਵਿਕਰੀ ਪ੍ਰਕਿਰਿਆ ਲਈ LIC ਦੀ ਮਲਕੀਅਤ ਵਾਲੀਆਂ ਇਮਾਰਤਾਂ ਲਈ ਨਵੇਂ ਮੁਲਾਂਕਣ ਦਾ ਕੰਮ ਕੀਤਾ ਜਾ ਸਕਦਾ ਹੈ। ਵਿਅਕਤੀ ਨੇ ਕਿਹਾ ਕਿ ਕਈ ਐੱਲਆਈਸੀ ਇਮਾਰਤਾਂ ਵਿੱਚ ਕਦੇ ਵੀ ਕੋਈ ਵਿਕਰੀ ਲੈਣ-ਦੇਣ ਨਹੀਂ ਹੋਇਆ ਅਤੇ ਉਨ੍ਹਾਂ ਦਾ ਬਾਜ਼ਾਰ ਮੁੱਲ ਪਤਾ ਨਹੀਂ ਹੈ। ਉਹਨਾਂ ਨੇ ਕਿਹਾ ਕਿ ਅਸਲ ਮੁੱਲ "ਕੰਜ਼ਰਵੇਟਿਵ ਮੁੱਲ ਤੋਂ ਘੱਟੋ ਘੱਟ ਪੰਜ ਗੁਣਾ ਵੱਧ" ਹੋ ਸਕਦਾ ਹੈ, ਜੋ ਲਗਭਗ 2.5-3 ਟ੍ਰਿਲੀਅਨ ਹੈ। LIC, ਡਿਪਾਰਟਮੈਂਟ ਆਫ ਇਨਵੈਸਟਮੈਂਟ ਐਂਡ ਪਬਲਿਕ ਐਸੇਟ ਮੈਨੇਜਮੈਂਟ (DIPAM) ਅਤੇ ਵਿੱਤੀ ਸੇਵਾਵਾਂ ਵਿਭਾਗ ਨੂੰ ਭੇਜੀਆਂ ਗਈਆਂ ਈਮੇਲਾਂ ਦਾ ਜਵਾਬ ਨਹੀਂ ਦਿੱਤਾ ਗਿਆ। ਸਾਰੀਆਂ ਸਰਕਾਰੀ ਮਲਕੀਅਤ ਵਾਲੀਆਂ ਫਰਮਾਂ ਦੀ ਸੰਪੱਤੀ ਵਿਨਿਵੇਸ਼ ਪ੍ਰਕਿਰਿਆਵਾਂ ਲਈ DIPAM ਦੀ ਮਨਜ਼ੂਰੀ ਲਾਜ਼ਮੀ ਹੈ।


## PM ਮੋਦੀ ਨੇ ਬੰਗਾਲ ਰੇਲ ਹਾਦਸੇ 'ਤੇ ਜਤਾਇਆ ਦੁੱਖ, ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੇਣ ਦਾ ਐਲਾਨ





ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਬੰਗਾਲ ਵਿਚ ਵਾਪਰੇ ਰੇਲ ਹਾਦਸੇ ਦੇ ਹਰੇਕ ਮ੍ਰਿਤਕ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੂੰ ਘਟਨਾ ਵਾਲੀ ਥਾਂ ਦਾ ਦੌਰਾ ਕਰਨ ਦਾ ਨਿਰਦੇਸ਼ ਦਿੱਤਾ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਆਪਣੀ ਪੋਸਟ ਵਿਚ ਜਾਣਕਾਰੀ ਦਿੱਤੀ ਕਿ ਪ੍ਰਧਾਨ ਮੰਤਰੀ ਮੋਦੀ ਨੇ ਪੱਛਮੀ ਬੰਗਾਲ ਵਿਚ ਵਾਪਰੇ ਰੇਲ ਹਾਦਸੇ 'ਚ ਹਰੇਕ ਮ੍ਰਿਤਕ ਦੇ ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਆਫ਼ਤ ਫੰਡ (PMNRF) ਤੋਂ 2-2 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ।ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਪੋਸਟ ਵਿਚ ਹਾਦਸੇ 'ਤੇ ਦੁੱਖ਼ ਜਤਾਉਂਦੇ ਹੋਏ ਲਿਖਿਆ ਕਿ ਪੱਛਮੀ ਬੰਗਾਲ 'ਚ ਰੇਲ ਹਾਦਸਾ ਦੁਖ਼ਦ ਹੈ। ਉਨ੍ਹਾਂ ਲੋਕਾਂ ਪ੍ਰਤੀ ਹਮਦਰਦੀ, ਜਿਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਗੁਆ ਦਿੱਤਾ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਜ਼ਖ਼ਮੀ ਛੇਤੀ ਤੋਂ ਛੇਤੀ ਠੀਕ ਹੋ ਜਾਣ। ਅਧਿਕਾਰੀਆਂ ਨਾਲ ਗੱਲ ਕੀਤੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪ੍ਰਭਾਵਿਤਾਂ ਦੀ ਮਦਦ ਲਈ ਬਚਾਅ ਮੁਹਿੰਮ ਜਾਰੀ ਹੈ। ਰੇਲ ਮੰਤਰੀ ਅਸ਼ਵਨੀ ਵੈਸ਼ਣਵ ਜੀ ਵੀ ਹਾਦਸੇ ਵਾਲੀ ਥਾਂ 'ਤੇ ਜਾ ਰਹੇ ਹਨ।ਓਧਰ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ 'ਐਕਸ' 'ਤੇ ਆਪਣੀ ਪੋਸਟ 'ਚ ਲਿਖਿਆ ਕਿ ਪੱਛਮੀ ਬੰਗਾਲ ਦੇ ਨਿਊ ਜਲਪਾਈਗੁੜੀ 'ਚ ਰੇਲ ਹਾਦਸਾ ਬਹੁਤ ਦੁਖਦ ਹੈ। ਇਸ ਮੰਦਭਾਗੀ ਦੁਰਘਟਨਾ ਵਿਚ ਜਿਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਗੁਆ ਦਿੱਤਾ ਹੈ, ਮੈਂ ਉਨ੍ਹਾਂ ਪ੍ਰਤੀ ਹਮਦਰਦੀ ਜ਼ਾਹਰ ਕਰਦਾ ਹਾਂ ਅਤੇ ਜ਼ਖਮੀਆਂ ਦੇ ਛੇਤੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ। ਪੂਰਬੀ ਰੇਲਵੇ ਦੇ ਸਿਆਲਦਾਹ ਡਿਵੀਜ਼ਨਲ ਰੇਲਵੇ ਮੈਨੇਜਰ ਨੇ ਕਿਹਾ ਕਿ ਯਾਤਰੀਆਂ ਨੂੰ ਹੋਰ ਮਦਦ ਪ੍ਰਦਾਨ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਇਸ ਮਕਸਦ ਨਾਲ ਰੇਲਵੇ ਨੇ ਵਾਧੂ ਹੈਲਪ ਡੈਸਕ ਵੀ ਸਥਾਪਿਤ ਕੀਤਾ ਜਾ ਰਿਹਾ ਹੈ। ਹੈਲਪਲਾਈਨ ਨੰਬਰ: - ਰੇਲਵੇ ਨੰਬਰ 39222। BSNL ਨੰਬਰ 033-25812128 ਹੈ। ਘਟਨਾ ਸਬੰਧੀ ਜਾਣਕਾਰੀ ਜਾਂ ਸਹਾਇਤਾ ਲੈਣ ਵਾਲੇ ਯਾਤਰੀ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ।

## ਦਿੱਲੀ ਏਅਰਪੋਰਟ ਤੋਂ ਦੁਬਈ ਜਾਣ ਵਾਲੀ ਫਲਾਈਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ



ਦਿੱਲੀ ਦੇ ਏਅਰਪੋਰਟ 'ਤੇ ਸੋਮਵਾਰ ਸਵੇਰੇ ਉਸ ਸਮੇਂ ਹਫ਼ੜਾ-ਦਫ਼ੜੀ ਮੱਚ ਗਈ, ਜਦੋਂ ਦਿੱਲੀ ਤੋਂ ਦੁਬਈ ਜਾਣ ਵਾਲੀ ਇਕ ਫਲਾਈਟ ਨੂੰ ਬੰਬ ਨਾਲ ਉਡਾਣ ਦੀ ਧਮਕੀ ਮਿਲੀ। ਅਧਿਕਾਰੀਆਂ ਨੇ ਇਸ ਘਟਨਾ ਦੀ ਜਾਣਕਾਰੀ ਮੰਗਲਵਾਰ ਨੂੰ ਦਿੱਤੀ ਹੈ। ਦੱਸ ਦੇਈਏ ਕਿ ਫਲਾਈਟ ਵਿਚ ਬੰਬ ਰੱਖੇ ਜਾਣ ਦੀ ਧਮਕੀ ਈਮੇਲ ਰਾਹੀਂ ਦਿੱਤੀ ਗਈ ਸੀ, ਜਿਸ ਵਿਚ ਫਲਾਈਟ ਨੂੰ ਉਡਾਉਣ ਦੀ ਗੱਲ ਕਹੀ, ਜੋ ਬਾਅਦ ਵਿੱਚ ਫਰਜ਼ੀ ਸਾਬਤ ਹੋਈ।

ਇਸ ਮਾਮਲੇ ਦੇ ਸਬੰਧ ਵਿਚ ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਸਵੇਰੇ 9.35 ਵਜੇ ਆਈਜੀਆਈ ਏਅਰਪੋਰਟ ਦੇ ਡਾਇਲ ਦਫ਼ਤਰ ਨੂੰ ਇਕ ਈ-ਮੇਲ ਮਿਲੀ, ਜਿਸ 'ਚ ਦਿੱਲੀ ਤੋਂ ਦੁਬਈ ਜਾਣ ਵਾਲੀ ਫਲਾਈਟ 'ਚ ਬੰਬ ਰੱਖਿਆ ਹੋਣ ਦੀ ਧਮਕੀ ਦਿੱਤੀ ਗਈ ਸੀ। ਇਸ ਧਮਕੀ ਤੋਂ ਬਾਅਦ ਅਧਿਕਾਰੀ ਨੇ ਜਦੋਂ ਜਹਾਜ਼ ਦੀ ਤਲਾਸ਼ੀ ਲਈ ਤਾਂ ਉਸ ਦੇ ਅੰਦਰੋਂ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ। ਪੁਲਸ ਇਹ ਜਾਣਕਾਰੀ ਹਾਸਲ ਕਰਨ ਵਿਚ ਲੱਗੀ ਹੈ ਕਿ ਇਹ ਧਮਕੀ ਭਰੀ ਮੇਲ ਕਿਸ ਨੇ ਭੇਜੀ ਹੈ?

## ਅਸਾਮ 'ਚ ਹੜ੍ਹ ਦੀ ਸਥਿਤੀ ਵਿਗੜੀ, ਇਕ ਲੱਖ ਤੋਂ ਵੱਧ ਲੋਕ ਪ੍ਰਭਾਵਿਤ




ਅਸਾਮ 'ਚ ਹੜ੍ਹ ਦੀ ਸਥਿਤੀ ਸੋਮਵਾਰ ਨੂੰ ਖਰਾਬ ਹੋ ਗਈ ਅਤੇ ਸੂਬੇ ਦੇ ਅੱਠ ਜ਼ਿਲ੍ਹਿਆਂ 'ਚ ਹੜ੍ਹ ਨਾਲ 1.05 ਲੱਖ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ। ਇਹ ਜਾਣਕਾਰੀ ਇੱਕ ਅਧਿਕਾਰਤ ਬੁਲੇਟਿਨ ਵਿੱਚ ਦਿੱਤੀ ਗਈ ਹੈ। ਅਸਾਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ (ਏਐਸਡੀਐਮਏ) ਦੀ ਰੋਜ਼ਾਨਾ ਹੜ੍ਹ ਰਿਪੋਰਟ ਦੇ ਅਨੁਸਾਰ, ਬਕਸਾ, ਬਾਰਪੇਟਾ, ਦਰਰੰਗ, ਧੇਮਾਜੀ, ਗੋਲਪਾੜਾ, ਕਰੀਮਗੰਜ, ਨਗਾਓਂ ਅਤੇ ਨਲਬਾੜੀ ਜ਼ਿਲ੍ਹਿਆਂ ਵਿੱਚ ਹੜ੍ਹਾਂ ਕਾਰਨ 1,05,700 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਕਰੀਮਗੰਜ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ, ਜਿੱਥੇ ਹੜ੍ਹ ਨਾਲ 95,300 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਇਸ ਤੋਂ ਬਾਅਦ ਨਗਾਓਂ ਵਿੱਚ ਕਰੀਬ 5,000 ਲੋਕ ਪ੍ਰਭਾਵਿਤ ਹੋਏ ਹਨ ਅਤੇ ਧੇਮਾਜੀ ਵਿੱਚ 3,600 ਤੋਂ ਵੱਧ ਲੋਕ ਹੜ੍ਹ ਦੇ ਪਾਣੀ ਵਿੱਚ ਫਸੇ ਹੋਏ ਹਨ। ਏਐਸਡੀਐਮਏ ਨੇ ਕਿਹਾ ਕਿ ਇਸ ਵੇਲੇ 309 ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ ਅਤੇ ਰਾਜ ਭਰ ਵਿੱਚ 1,005.7 ਹੈਕਟੇਅਰ ਖੇਤਰ ਵਿੱਚ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ।

## ਪੰਜਾਬ 'ਚ ਗਰਮੀ ਦਾ ਕਹਿਰ ਜਾਰੀ! ਹੁਣ ਰਾਤ ਨੂੰ ਵੀ ਨਹੀਂ ਮਿਲ ਰਹੀ ਰਾਹਤ



ਸੂਬੇ 'ਚ ਅਸਮਾਨ ਤੋਂ ਵਰ੍ਹਦੀ ਅੱਗ ਨੇ ਪਾਰੇ ਨੂੰ ਅਸਮਾਨੀਂ ਚੜ੍ਹਾਇਆ ਹੋਇਆ ਹੈ। ਪਿਛਲੇ ਕਈ ਦਿਨਾਂ ਤੋਂ ਲੋਕਾਂ ਨੂੰ ਤਪਦੀ ਵਿਚ ਨਿਕਲਣ 'ਤੇ ਸਰੀਰ ਝੁਲਸਣ ਜਿਹਾ ਮਹਿਸੂਸ ਹੁੰਦਾ ਹੈ। ਮੌਸਮ ਵਿਭਾਗ ਵੱਲੋਂ ਵੀ ਲੋਕਾਂ ਨੂੰ ਦੁਪਹਿਰ ਵੇਲੇ ਬਹੁਤ ਜ਼ਰੂਰੀ ਕੰਮ ਨਾ ਹੋਣ 'ਤੇ ਘਰੋਂ ਬਾਹਰ ਨਾ ਨਿਕਲਣ ਦੀ ਹੀ ਸਲਾਹ ਦਿੱਤੀ ਜਾ ਰਹੀ ਹੈ, ਪਰ ਹੁਣ ਹਾਲਾਤ ਇਹ ਹਨ ਕਿ ਰਾਤ ਵੇਲੇ ਵੀ ਗਰਮੀ ਤੋਂ ਰਾਹਤ ਨਹੀਂ ਮਿਲ ਰਹੀ। ਦਿਨ ਤੇ ਰਾਤ ਦੋਵਾਂ ਦਾ ਤਾਪਮਾਨ ਸਾਧਾਰਨ ਤੋਂ 5-6 ਡਿਗਰੀ ਜ਼ਿਆਦਾ ਚੱਲ ਰਿਹਾ ਹੈ। ਭਾਵ ਦਿਨ 'ਚ ਹੀ ਨਹੀਂ, ਰਾਤ ਨੂੰ ਵੀ ਲੂ ਵਾਲੀ ਹੀ ਸਥਿਤੀ ਹੈ।
ਸੋਮਵਾਰ ਨੂੰ ਬਠਿੰਡਾ 'ਚ ਵੱਧ ਤੋਂ ਵੱਧ ਤਾਪਮਾਨ 46.9 ਡਿਗਰੀ ਸੈਲਸੀਅਸ ਤੱਕ ਪੁੱਜ ਗਿਆ। ਫਰੀਦਕੋਟ 'ਚ ਵੀ ਦਿਨ ਦਾ ਤਾਪਮਾਨ 46 ਡਿਗਰੀ, ਜਦਕਿ ਰਾਤ ਦਾ ਤਾਪਮਾਨ 32.7 ਡਿਗਰੀ ਦਰਜ ਕੀਤਾ ਗਿਆ। ਰਾਜਧਾਨੀ ਚੰਡੀਗੜ੍ਹ 'ਚ ਪੂਰੇ ਪੰਜਾਬ ਦੇ ਮੁਕਾਬਲੇ ਰਾਤ ਦਾ ਤਾਪਮਾਨ ਸਭ ਤੋਂ ਵੱਧ ਰਿਹਾ। ਇੱਥੇ ਘੱਟੋ- ਘੱਟ ਤਾਪਮਾਨ 34.2 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ 7.7 ਡਿਗਰੀ ਸੈਲਸੀਅਸ ਵੱਧ ਰਿਹਾ।
ਅੱਜ ਵੀ ਪੰਜਾਬ ਦੇ ਸਾਰੇ 13 ਜ਼ਿਲ੍ਹਿਆਂ 'ਚ ਹੀਟ ਵੇਵ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ 30-40 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਹਾਲਾਂਕਿ, ਪੱਛਮੀ ਗੜਬੜੀ ਦੇ ਅੱਜ ਸ਼ਾਮ ਨੂੰ ਅਤੇ 19 ਤੋਂ 21 ਜੂਨ ਦਰਮਿਆਨ ਸਰਗਰਮ ਹੋਣ ਦੀ ਸੰਭਾਵਨਾ ਹੈ। ਇਸ ਕਾਰਨ ਕਕਈ ਜ਼ਿਲ੍ਹਿਆਂ 'ਚ ਮੀਂਹ ਪੈਣ ਦੀ ਸੰਭਾਵਨਾ ਹੈ।

## ਸੁਲਤਾਨਪੁਰ ਲੋਧੀ 'ਚ ਸਕੂਟਰੀ ਤੇ ਬਾਈਕ ਵਿਚਾਲੇ ਹੋਈ ਜ਼ੋਰਦਾਰ ਟੱਕਰ, 3 ਨੌਜਵਾਨਾਂ ਨੇ ਮੌਕੇ ਤੇ ਛੱਡੇ ਸਾਹ



ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਟਿੱਬਾ ਨੇੜੇ ਰਾਤ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਥੇ ਸਕੂਟਰੀ ਅਤੇ ਮੋਟਰਸਾਈਕਲ ਵਿਚਾਲੇ ਜ਼ੋਰਦਾਰ ਟੱਕਰ ਹੋਈ। ਇਸ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ ਤਿੰਨ ਹੋਰ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਸਥਾਨਕ ਸੀਐਚਸੀ ਸੈਂਟਰ ਟਿੱਬਾ ਵਿਖੇ ਭਰਤੀ ਕਰਵਾਇਆ ਗਿਆ ਹੈ। ਹਾਦਸੇ ਵਾਲੀ ਥਾਂ ਤੇ ਪਹੁੰਚ ਕੇ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।
ਮਿਲੀ ਜਾਣਕਾਰੀ ਅਨੁਸਾਰ ਬੀਤੇ ਦੇਰ ਰਾਤ ਕਰੀਬ ਨੌ ਵਜੇ ਸੁਲਤਾਨਪੁਰ ਲੋਧੀ-ਤਲਵੰਡੀ ਚੌਧਰੀਆਂ ਰੋਡ ਉਤੇ ਟਿੱਬਾ ਤੋਂ ਕੁਝ ਦੂਰੀ ਉੱਤੇ ਵਾਹਨਾਂ ਦੀ ਜ਼ੋਰਦਾਰ ਟੱਕਰ ਹੋਣ ਕਾਰਨ ਹਾਦਸਾ ਵਾਪਰ ਗਿਆ। ਇਸ ਘਟਨਾ ਦਾ ਪਤਾ ਚਲਦਿਆਂ ਪੁਲਿਸ ਮੌਕੇ ਉਤੇ ਪਹੁੰਚ ਗਈ। ਪੁਲਿਸ ਨੇ ਰਾਹਗੀਰਾਂ ਦੀ ਮਦਦ ਨਾਲ ਜ਼ਖਮੀਆਂ ਨੂੰ ਸੀਐਚਸੀ ਸੈਂਟਰ ਟਿੱਬਾ ਭਰਤੀ ਕਰਵਾਇਆ। ਹਾਦਸੇ ਵਾਲੇ ਥਾਂ ਤੋਂ ਬਾਈਕ ਅਤੇ ਐਕਟਿਵਾ ਬੁਰੀ ਤਰ੍ਹਾਂ ਹਾਦਸਾਗ੍ਰਸਤ ਮਿਲੀ ਹੈ।ਇਸ ਘਟਨਾ ਸਬੰਧੀ ਪੁਲਿਸ ਨੇ ਕਿਹਾ ਕਿ ਇਸ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਹੈ ਅਤੇ ਤਿੰਨ ਨੌਜਵਾਨ ਜ਼ਖਮੀ ਹਨ। ਅਜੇ ਮ੍ਰਿਤਕਾਂ ਦੀ ਪਹਿਚਾਨ ਚੰਗੀ ਤਰ੍ਹਾਂ ਨਹੀਂ ਹੋ ਸਕੀ ਹੈ। ਮੌਕੇ ਤੇ ਪੁਲਿਸ ਨੇ ਪਹੁੰਚ ਕੇ ਆਪਣੀ ਕਾਰਵਾਈ ਨੂੰ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਮਾਮਲੇ ਸੰਬੰਧੀ ਤਫਤੀਸ਼ ਜਾਰੀ ਹੈ ਕਿ ਇਹ ਹਾਦਸਾ ਵਾਪਰਿਆ ਕਿਵੇਂ ਹੈ।

## CM ਮਾਨ ਅੱਜ ਸਾਰੇ ਜ਼ਿਲ੍ਹਿਆਂ ਦੇ SSP ਨਾਲ ਕਰਨਗੇ ਮੀਟਿੰਗ, ਨਸ਼ਿਆਂ ਸਮੇਤ ਕਈ ਮੁੱਦਿਆਂ 'ਤੇ ਬਣਾਈ ਜਾਵੇਗੀ ਰਣਨੀਤੀ




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਸਾਰੇ ਜ਼ਿਲ੍ਹਿਆਂ ਦੇ ਐੱਸਐੱਸਪੀਜ਼ ਨਾਲ ਮੀਟਿੰਗ ਕਰਨ ਜਾ ਰਹੇ ਹਨ। ਇਹ ਮੀਟਿੰਗ ਦੁਪਹਿਰ 12 ਵਜੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਨਿਵਾਸ 'ਤੇ ਹੋਵੇਗੀ। ਇਸ ਵਿੱਚ ਨਸ਼ਿਆਂ ਖ਼ਿਲਾਫ਼ ਜੰਗ ਸਮੇਤ ਕਈ ਮੁੱਦਿਆਂ 'ਤੇ ਰਣਨੀਤੀ ਬਣਾਈ ਜਾਵੇਗੀ।ਇਸ ਦੌਰਾਨ ਸਾਰੇ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਜਾਵੇਗੀ। ਹਾਲਾਂਕਿ ਮੁੱਖ ਮੰਤਰੀ ਪਹਿਲਾਂ ਹੀ ਸਪੱਸ਼ਟ ਆਦੇਸ਼ ਦੇ ਚੁੱਕੇ ਹਨ ਕਿ ਪੁਲਿਸ ਨੂੰ ਆਪਣੇ ਵਤੀਰੇ ਨਾਲ ਲੋਕਾਂ ਦਾ ਦਿਲ ਜਿੱਤਣਾ ਹੋਵੇਗਾ। ਸੀਐਮ ਭਗਵੰਤ ਮਾਨ ਕਰੀਬ ਤਿੰਨ ਮਹੀਨਿਆਂ ਬਾਅਦ ਸਾਰੇ ਜ਼ਿਲ੍ਹਿਆਂ ਦੇ ਐਸਐਸਪੀਜ਼ ਨਾਲ ਮੀਟਿੰਗ ਕਰਨ ਜਾ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਮੀਟਿੰਗ ਕੀਤੀ ਸੀ। ਹਾਲਾਂਕਿ ਇਸ ਮੁਲਾਕਾਤ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਕਿਉਂਕਿ ਸੀਐਮ ਨੇ ਚੋਣਾਂ ਕਾਰਨ ਪੂਰੇ ਸੂਬੇ ਦਾ ਦੌਰਾ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਸੀਐਮ ਨੂੰ ਪੁਲਿਸ ਨੂੰ ਲੈ ਕੇ ਕਈ ਸੁਝਾਅ ਅਤੇ ਸ਼ਿਕਾਇਤਾਂ ਵੀ ਮਿਲੀਆਂ ਹਨ। ਅਜਿਹੇ 'ਚ ਇਸ ਬੈਠਕ 'ਚ ਉਨ੍ਹਾਂ ਗੱਲਾਂ 'ਤੇ ਚਰਚਾ ਹੋਵੇਗੀ। ਮੁੱਖ ਮੰਤਰੀ ਨੇ ਸੋਮਵਾਰ ਨੂੰ ਡੀਸੀ ਨਾਲ ਹੋਈ ਮੀਟਿੰਗ ਵਿੱਚ ਸਪੱਸ਼ਟ ਕੀਤਾ ਹੈ ਕਿ ਜੇਕਰ ਅਧਿਕਾਰੀਆਂ ਦੇ ਕਿਸੇ ਵੀ ਪੱਧਰ 'ਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਬਾਰੇ ਕੋਈ ਸ਼ਿਕਾਇਤ ਮਿਲਦੀ ਹੈ ਤਾਂ ਜ਼ਿਲ੍ਹਿਆਂ ਦੇ ਡੀਸੀ ਅਤੇ ਐਸਐਸਪੀ ਤੋਂ ਜਵਾਬ ਮੰਗਿਆ ਜਾਵੇਗਾ।
ਲੋਕ ਸਭਾ ਚੋਣਾਂ ਖਤਮ ਹੁੰਦੇ ਹੀ ਮੁੱਖ ਮੰਤਰੀ ਨੇ ਡੀਜੀਪੀ ਗੌਰਵ ਯਾਦਵ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੀਟਿੰਗ ਕੀਤੀ। ਇਸ ਵਿੱਚ ਉਨ੍ਹਾਂ ਨੇ ਪੁਲਿਸ ਨੂੰ ਲੋਕਾਂ ਨਾਲ ਜੁੜਨ ਦੀ ਹਦਾਇਤ ਕੀਤੀ ਸੀ। ਇਸ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਪੁਲਿਸ ਮੁਲਾਜ਼ਮ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਆਪਣੇ ਦਫ਼ਤਰਾਂ ਵਿੱਚ ਬੈਠਣਗੇ। ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਉਕਤ ਹੁਕਮਾਂ ਨੂੰ ਲਾਗੂ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਵਿਭਾਗ ਨੇ ਦਾਅਵਾ ਕੀਤਾ ਕਿ ਪੁਲਿਸ ਦੀਆਂ ਕੋਸ਼ਿਸ਼ਾਂ ਸਫਲ ਰਹੀਆਂ ਹਨ। ਚਾਲੀ ਹਜ਼ਾਰ ਦੇ ਕਰੀਬ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ ਹੈ। ਇਹ ਹੁਕਮ ਐਸਐਚਓ ਪੱਧਰ ਤੋਂ ਲੈ ਕੇ ਡੀਜੀਪੀ ਦਫ਼ਤਰ ਤੱਕ ਜਾਰੀ ਕੀਤੇ ਗਏ ਹਨ।

## ਥਾਣਾ ਛੇਹਰਟਾ ਦੀ ਪੁਲਿਸ ਨੇ 3 ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫਤਾਰ, 365 ਗ੍ਰਾਮ ਹੈਰੋਇਨ ਤੇ ਡਰੱਗ ਮਨੀ ਬਰਾਮਦ



ਅੰਮ੍ਰਿਤਸਰ ਪੁਲਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋ ਦੇ ਦਿਸ਼ਾ ਨਿਰਦੇਸ਼ਾਂ ਤੇ ਲੁੱਟਾਂ ਖੋਹਾਂ ਤੇ ਨਸ਼ੇ ਦੇ ਖਿਲਾਫ ਚਲਾਈ ਗਈ ਮੁਹਿਮ ਦੇ ਤਹਿਤ ਥਾਣਾ ਛੇਹਰਟਾ ਦੀ ਪੁਲਿਸ ਨੂੰ ਵੱਡੀ ਕਾਮਯਾਬੀ ਹਾਸਿਲ ਹੋਈ ਹੈ। ਪੁਲਿਸ ਨੇ ਨਸ਼ੇ ਦੇ ਖਿਲਾਫ ਵੱਖ-ਵੱਖ ਮਾਮਲਿਆਂ ਦੇ ਵਿੱਚ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੇ ਕਬਜ਼ੇ 'ਚੋਂ ਹੈਰੋਇਨ ਤੇ ਡਰੱਗ ਮਨਿ ਵੀ ਬਰਾਮਦ ਹੋਈ ਹੈ।
ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀ ਸਰਮੇਲ ਸਿੰਘ ਨੇ ਦੱਸਿਆ ਕਿ ਥਾਣਾ ਛੇਹਰਟਾ ਦੀ ਪੁਲਿਸ ਪਾਰਟੀ ਵੱਲੋਂ 03 ਵੱਖ-ਵੱਖ ਮੁਕੱਦਮਿਆਂ ਵਿੱਚ 365 ਗ੍ਰਾਮ ਹੈਰੋਇੰਨ, 2000 ਰੁਪਏ ਡਰੱਗ ਮਨੀ, 01 ਕਾਰ ਸਵੀਫਟ ਬਰਾਮਦ ਕਰਕੇ 03 ਨਸ਼ਾ ਤੱਸਕਰਾ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਇਹਨਾਂ ਦੇ ਖਿਲਾਫ ਪਹਿਲਾਂ ਵੀ ਕੋਈ ਮਾਮਲਾ ਦਰਜ ਹੈ ਜਾਂ ਨਹੀਂ ਇਨ੍ਹਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰ ਇਹਨਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ। ਰਿਮਾਂਡ ਦੌਰਾਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ। ਉਹਨਾਂ ਕਿਹਾ ਕਿ ਇਹ ਵੀ ਪਤਾ ਲਗਾਇਆ ਜਾਵੇ ਕਿ ਇਹ ਕਿੱਥੋਂ ਨਸ਼ੇ ਦਾ ਸਮਾਨ ਲੈ ਕੇ ਆਉਂਦੇ ਕਿੱਥੇ ਭੇਜਦੇ ਹਨ ਇਸ ਬਾਰੇ ਵੀ ਜਾਂਚ ਕੀਤੀ ਜਾਵੇਗੀ।

## ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਤੀਸਰੇ ਦਿਨ ਵੀ ਰਿਹਾ ਫਰੀ




ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਲਾਡੋਵਾਲ ਅੱਜ ਤੀਜੇ ਦਿਨ ਵੀ ਖਾਲੀ ਰਹੇਗਾ। ਕਿਸਾਨ ਪਿਛਲੇ 2 ਦਿਨਾਂ ਤੋਂ ਇਸ ਟੋਲ 'ਤੇ ਬੈਠੇ ਹਨ। ਕੱਲ੍ਹ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ NHAI ਦੇ ਪ੍ਰੋਜੈਕਟ ਡਾਇਰੈਕਟਰ ਨਵਰਤਨ ਨੇ ਵੀ ਕਿਸਾਨਾਂ ਨਾਲ ਮੁਲਾਕਾਤ ਕੀਤੀ ਸੀ। ਹੁਣ ਤੱਕ ਦੋ ਦਿਨਾਂ ਵਿੱਚ ਕਰੀਬ 80 ਹਜ਼ਾਰ ਵਾਹਨ ਮੁਫ਼ਤ ਟੋਲ ਪਲਾਜ਼ਾ ਤੋਂ ਲੰਘ ਚੁੱਕੇ ਹਨ।ਲੋਕਾਂ ਨੇ ਕਰੀਬ 2 ਕਰੋੜ ਰੁਪਏ ਦਾ ਟੈਕਸ ਬਚਾਇਆ ਹੈ। ਕਿਸਾਨਾਂ ਨੇ ਅਧਿਕਾਰੀਆਂ ਨੂੰ ਸਾਫ਼ ਕਹਿ ਦਿੱਤਾ ਹੈ ਕਿ ਜੇਕਰ ਉਹ ਉਨ੍ਹਾਂ ਤੋਂ ਇੱਕ ਮਹੀਨੇ ਦਾ ਸਮਾਂ ਲੈ ਵੀ ਲੈਣ ਤਾਂ ਹੜਤਾਲ ਉਦੋਂ ਹੀ ਖ਼ਤਮ ਹੋਵੇਗੀ ਜਦੋਂ ਕੇਂਦਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰੇਗੀ। ਕਿਸਾਨਾਂ ਦੀ ਮੰਗ ਹੈ ਕਿ ਟੋਲ ਪਲਾਜ਼ਾ 'ਤੇ ਪੁਰਾਣੇ 150 ਰੁਪਏ ਪ੍ਰਤੀ ਵਾਹਨ ਦੇ ਹਿਸਾਬ ਨਾਲ ਟੋਲ ਵਸੂਲਿਆ ਜਾਵੇ।ਕਿਸਾਨ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਦੱਸਿਆ ਕਿ ਅੱਜ ਕਿਸਾਨ ਆਮ ਲੋਕਾਂ ਲਈ ਟੋਲ ਪਲਾਜ਼ਾ 'ਤੇ ਹੜਤਾਲ 'ਤੇ ਬੈਠੇ ਹਨ। ਕਿਸਾਨਾਂ ਦੀਆਂ ਗੱਡੀਆਂ ਖੁਦ ਕਿਸਾਨ ਕਾਰਡ ਦਿਖਾ ਕੇ ਟੈਕਸ ਭਰੇ ਬਿਨਾਂ ਟੋਲ ਪਲਾਜ਼ਾ ਤੋਂ ਆਸਾਨੀ ਨਾਲ ਲੰਘ ਜਾਂਦੀਆਂ ਹਨ ਪਰ ਅੱਜ ਕਿਸਾਨ ਖੁਦ ਹੀ ਜਨਤਾ ਦੀ ਲੜਾਈ ਲੜ ਰਹੇ ਹਨ।

## ਕੀਰਤਪੁਰ ਸਾਹਿਬ-ਮਨਾਲੀ ਨੈਸ਼ਨਲ ਹਾਈਵੇ 'ਤੇ ਵੱਡਾ ਹਾਦਸਾ, ਟਰੱਕ ਨੇ 5 ਗੱਡੀਆਂ ਨੂੰ ਦਰੜਿਆ, ਇੱਕ ਵਿਅਕਤੀ ਦੀ ਮੌਤ



ਮਨਾਲੀ ਨੈਸ਼ਨਲ ਹਾਈਵੇ ਤੇ ਅੱਜ ਵੱਡਾ ਹਾਦਸਾ ਵਾਪਰਿਆ। ਇੱਥੇ ਟੋਲ ਪਲਾਜ਼ਾ ਤੇ ਪਰਚੀਆਂ ਕਟਵਾਉਣ ਦੇ ਲਈ ਗੱਡੀਆਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਸਨ। ਇਸ ਦੌਰਾਨ ਹਿਮਾਚਲ ਵਾਲੇ ਪਾਸੇ ਤੋਂ ਆ ਰਹੇ ਇੱਕ ਟਰੱਕ ਨੇ ਆਪਣੇ ਅੱਗੇ ਖੜੀਆਂ ਪੰਜ ਗੱਡੀਆਂ ਨੂੰ ਬੁਰੇ ਤਰੀਕੇ ਨਾਲ ਦਰੜਿਆ, ਜਿਸ ਨਾਲ ਇੱਕ ਵਿਅਕਤੀ ਦੀ ਮੌਕੇ ਤੇ ਦਰਦਨਾਕ ਮੌਤ ਹੋ ਗਈ।
ਦੱਸਿਆ ਜਾ ਰਿਹਾ ਹੈ ਕਿ ਹਾਦਸਾ ਇੰਨਾ ਭਿਆਨਕ ਸੀ ਕਿ ਮਰਨ ਵਾਲੇ ਵਿਅਕਤੀ ਦਾ ਸਰੀਰ ਦੋ ਟੁਕੜਿਆਂ ਵਿੱਚ ਕੱਟਿਆ ਗਿਆ ਤੇ ਜੇਕਰ ਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਕਾਰਾਂ ਬੇਹਦ ਬੁਰੇ ਤਰੀਕੇ ਨਾਲ ਨੁਕਸਾਨੀਆਂ ਗਈਆਂ। ਇਸ ਭਿਆਨਕ ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕ ਵੱਡੀ ਗਿਣਤੀ ਦੇ ਵਿੱਚ ਮੌਕੇ ਤੇ ਪਹੁੰਚੇ, ਜਿਨਾਂ ਵੱਲੋਂ ਰਾਹਤ ਕਾਰਜ ਕੀਤੇ ਗਏ।ਸੂਚਨਾ ਮਿਲਦੇ ਹੀ ਕੀਰਤਪੁਰ ਸਾਹਿਬ ਪ੍ਰਸ਼ਾਸਨ ਅਤੇ ਜ਼ਿਲ੍ਹਾ ਬਿਲਾਸਪੁਰ ਨਾਲ ਸੰਬੰਧਿਤ ਪ੍ਰਸ਼ਾਸਨ ਵੀ ਮੌਕੇ ਤੇ ਪਹੁੰਚ ਗਿਆ। ਇਸ ਮੌਕੇ ਜ਼ਖਮੀਆਂ ਨੂੰ ਉਹਨਾਂ ਦੀਆਂ ਗੱਡੀਆਂ 'ਚੋਂ ਕਾਫੀ ਮੁਸ਼ਕਲਾਂ ਨਾਲ ਕੱਢਿਆ ਗਿਆ। ਇਸ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦੇ ਏਮਸ ਹਸਪਤਾਲ ਵਿਖੇ ਇਲਾਜ ਲਈ ਭੇਜਿਆ ਗਿਆ।

# ਕੋਹਲੀ, ਪੰਡਯਾ, ਰਿੰਕੂ ਨੇ ਸਮੁੰਦਰ ਕੰਢੇ ਖੇਡਿਆ ਵਾਲੀਬਾਲ, ਸੁਪਰ 8 ਮੈਚਾਂ ਲਈ ਹੋ ਰਹੇ ਨੇ ਤਰੋਤਾਜ਼ਾ



ਭਾਰਤੀ ਟੀਮ ਨੇ ਅਫਗਾਨਿਸਤਾਨ ਵਿਰੁੱਧ ਸੁਪਰ 8 ਮੁਕਾਬਲੇ ਤੋਂ ਪਹਿਲਾਂ ਬਾਰਬਾਡੋਸ ਵਿੱਚ ਇੱਕ ਦੋਸਤਾਨਾ ਬੀਚ ਵਾਲੀਬਾਲ ਮੈਚ ਵਿੱਚ ਹਿੱਸਾ ਲਿਆ। ਵਿਰਾਟ ਕੋਹਲੀ, ਅਰਸ਼ਦੀਪ ਸਿੰਘ, ਰਿੰਕੂ ਸਿੰਘ, ਹਾਰਦਿਕ ਪੰਡਯਾ, ਸ਼ਿਵਮ ਦੂਬੇ, ਖਲੀਲ ਅਹਿਮਦ ਅਤੇ ਹੋਰ ਕਈ ਸਟਾਰ ਕ੍ਰਿਕਟਰ ਸਮੁੰਦਰ ਕੰਢੇ ਵਾਲੀਬਾਲ ਮੈਚ ਖੇਡਣ 'ਚ ਰੁੱਝੇ ਨਜ਼ਰ ਆਏ। ਬੀ.ਸੀ.ਸੀ.ਆਈ. ਨੇ ਐਕਸ 'ਤੇ ਵਾਲੀਬਾਲ ਖੇਡਣ ਵਾਲੇ ਭਾਰਤੀ ਕ੍ਰਿਕਟਰਾਂ ਦਾ ਵੀਡੀਓ ਸਾਂਝੀ ਕੀਤੀ ਹੈ ਅਤੇ ਇਸ ਨੂੰ ਕੈਪਸ਼ਨ ਦਿੱਤੀ - ਸਮੁੰਦਰ ਕੰਢੇ 'ਤੇ ਆਰਾਮ ਕਰਦੇ ਹੋਏ, #TeamIndia ਤਰੀਕੇ ਨਾਲ!

ਨਿਊਯਾਰਕ 'ਚ ਸਹਿ ਮੇਜ਼ਬਾਨ ਅਮਰੀਕਾ 'ਤੇ ਜਿੱਤ ਤੋਂ ਬਾਅਦ ਭਾਰਤ ਨੇ ਸੁਪਰ 8 ਪੜਾਅ ਲਈ ਕੁਆਲੀਫਾਈ ਕਰ ਲਿਆ ਹੈ। ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਟੀਮ ਨੇ ਗਰੁੱਪ ਏ 'ਚ ਲਗਾਤਾਰ ਤਿੰਨ ਮੈਚ ਜਿੱਤ ਕੇ ਆਖਰੀ ਅੱਠ 'ਚ ਜਗ੍ਹਾ ਪੱਕੀ ਕੀਤੀ। ਭਾਰਤ ਨੇ ਆਇਰਲੈਂਡ 'ਤੇ 8 ਵਿਕਟਾਂ ਦੀ ਸ਼ਾਨਦਾਰ ਜਿੱਤ ਨਾਲ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਕੱਟੜ ਵਿਰੋਧੀ ਪਾਕਿਸਤਾਨ ਦੇ ਖਿਲਾਫ ਆਪਣੇ ਦੂਜੇ ਗਰੁੱਪ-ਪੜਾਅ ਦੇ ਮੈਚ ਵਿੱਚ, ਭਾਰਤੀ ਟੀਮ ਜਸਪ੍ਰੀਤ ਬੁਮਰਾਹ ਸਮੇਤ ਭਾਰਤੀ ਤੇਜ਼ ਗੇਂਦਬਾਜ਼ਾਂ ਦੀ ਬਦੌਲਤ 6 ਦੌੜਾਂ ਨਾਲ ਜਿੱਤਣ ਵਿੱਚ ਕਾਮਯਾਬ ਰਹੀ। ਤੀਜੇ ਮੈਚ ਵਿੱਚ ਅਰਸ਼ਦੀਪ ਸਿੰਘ ਨੇ 4 ਵਿਕਟਾਂ ਲਈਆਂ ਜਿਸ ਕਾਰਨ ਅਮਰੀਕਾ ਦੀ ਟੀਮ 110 ਦੌੜਾਂ ਹੀ ਬਣਾ ਸਕੀ। ਟੀਚੇ ਦਾ ਪਿੱਛਾ ਕਰਦੇ ਹੋਏ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਨਾਕਾਮ ਰਹੇ, ਸ਼ਿਵਮ ਦੂਬੇ ਅਤੇ ਸੂਰਿਆਕੁਮਾਰ ਯਾਦਵ ਨੇ ਧੀਰਜ ਬਣਾਈ ਰੱਖਿਆ ਅਤੇ ਭਾਰਤ ਨੂੰ 7 ਵਿਕਟਾਂ ਨਾਲ ਜਿੱਤ ਦਿਵਾਈ। ਫਲੋਰੀਡਾ 'ਚ ਆਊਟਫੀਲਡ ਗਿੱਲੇ ਹੋਣ ਕਾਰਨ ਕੈਨੇਡਾ ਖਿਲਾਫ ਭਾਰਤ ਦਾ ਮੈਚ ਇਕ ਵੀ ਗੇਂਦ ਸੁੱਟੇ ਬਿਨਾਂ ਰੱਦ ਕਰ ਦਿੱਤਾ ਗਿਆ।

ਸੁਪਰ-8 ਮੈਚਾਂ ਦਾ ਸ਼ਡਿਊਲ

19 ਜੂਨ : ਅਮਰੀਕਾ ਬਨਾਮ ਦੱਖਣੀ ਅਫਰੀਕਾ, ਐਂਟੀਗੁਆ, ਰਾਤ 8 ਵਜੇ
20 ਜੂਨ: ਇੰਗਲੈਂਡ ਬਨਾਮ ਵੈਸਟ ਇੰਡੀਜ਼, ਸੇਂਟ ਲੂਸੀਆ, ਸਵੇਰੇ 6 ਵਜੇ
20 ਜੂਨ: ਅਫਗਾਨਿਸਤਾਨ ਬਨਾਮ ਭਾਰਤ, ਬਾਰਬਾਡੋਸ, ਰਾਤ 8 ਵਜੇ
21 ਜੂਨ: ਆਸਟ੍ਰੇਲੀਆ ਬਨਾਮ ਬੰਗਲਾਦੇਸ਼, ਐਂਟੀਗੁਆ, ਸਵੇਰੇ 6 ਵਜੇ
21 ਜੂਨ: ਇੰਗਲੈਂਡ ਬਨਾਮ ਦੱਖਣੀ ਅਫਰੀਕਾ, ਸੇਂਟ ਲੂਸੀਆ, ਰਾਤ 8 ਵਜੇ
22 ਜੂਨ: ਅਮਰੀਕਾ ਬਨਾਮ ਵੈਸਟ ਇੰਡੀਜ਼, ਬਾਰਬਾਡੋਸ, ਸਵੇਰੇ 6 ਵਜੇ
22 ਜੂਨ: ਭਾਰਤ ਬਨਾਮ ਬੰਗਲਾਦੇਸ਼, ਐਂਟੀਗੁਆ, ਰਾਤ 8 ਵਜੇ
23 ਜੂਨ: ਅਫਗਾਨਿਸਤਾਨ ਬਨਾਮ ਆਸਟ੍ਰੇਲੀਆ, ਸੇਂਟ ਵਿਨਸੈਂਟ, ਸਵੇਰੇ 6 ਵਜੇ
23 ਜੂਨ: ਅਮਰੀਕਾ ਬਨਾਮ ਇੰਗਲੈਂਡ, ਬਾਰਬਾਡੋਸ, ਰਾਤ 8 ਵਜੇ
24 ਜੂਨ: ਵੈਸਟ ਇੰਡੀਜ਼ ਬਨਾਮ ਦੱਖਣੀ ਅਫਰੀਕਾ, ਐਂਟੀਗੁਆ, ਸਵੇਰੇ 6 ਵਜੇ
24 ਜੂਨ: ਆਸਟ੍ਰੇਲੀਆ ਬਨਾਮ ਭਾਰਤ, ਸੇਂਟ ਲੂਸੀਆ, ਰਾਤ 8 ਵਜੇ
25 ਜੂਨ: ਅਫਗਾਨਿਸਤਾਨ ਬਨਾਮ ਬੰਗਲਾਦੇਸ਼, ਸੇਂਟ ਵਿਨਸੈਂਟ, ਸਵੇਰੇ 6 ਵਜੇ
27 ਜੂਨ: ਸੈਮੀਫਾਈਨਲ 1, ਗੁਆਨਾ, ਸਵੇਰੇ 6 ਵਜੇ
27 ਜੂਨ: ਸੈਮੀਫਾਈਨਲ 2, ਤ੍ਰਿਨੀਦਾਦ, ਰਾਤ 8 ਵਜੇ
29 ਜੂਨ: ਫਾਈਨਲ, ਬਾਰਬਾਡੋਸ, ਰਾਤ 8 ਵਜੇ

ਭਾਰਤ ਟੀ-20 ਵਿਸ਼ਵ ਕੱਪ ਟੀਮ

ਰੋਹਿਤ ਸ਼ਰਮਾ (ਕਪਤਾਨ), ਹਾਰਦਿਕ ਪੰਡਯਾ, ਯਸ਼ਸਵੀ ਜਾਇਸਵਾਲ, ਵਿਰਾਟ ਕੋਹਲੀ, ਸੂਰਿਆਕੁਮਾਰ ਯਾਦਵ, ਰਿਸ਼ਭ ਪੰਤ, ਸੰਜੂ ਸੈਮਸਨ, ਸ਼ਿਵਮ ਦੂਬੇ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਕੁਲਦੀਪ ਯਾਦਵ, ਯੁਜਵੇਂਦਰ ਚਾਹਲ, ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ, ਮੁਹੰਮਦ ਸਿਰਾਜ।

ਰਿਜ਼ਰਵ : ਰਿੰਕੂ ਸਿੰਘ, ਖਲੀਲ ਅਹਿਮਦ।

ਟੀ-20 ਵਿਸ਼ਵ ਕੱਪ ਟੀਮ

ਰਾਸ਼ਿਦ ਖਾਨ (ਕਪਤਾਨ), ਰਹਿਮਾਨਉੱਲ੍ਹਾ ਗੁਰਬਾਜ਼, ਇਬਰਾਹਿਮ ਜ਼ਦਰਾਨ, ਅਜ਼ਮਤੁੱਲਾ ਉਮਰਜ਼ਈ, ਨਜੀਬੁੱਲਾ ਜ਼ਦਰਾਨ, ਮੁਹੰਮਦ ਇਸਹਾਕ, ਮੁਹੰਮਦ ਨਬੀ, ਗੁਲਬਦੀਨ ਨਾਇਬ, ਕਰੀਮ ਜਨਤ, ਨੰਗਯਾਲ ਖਰੋਟੀ, ਮੁਜੀਬ ਉਰ ਰਹਿਮਾਨ, ਨੂਰ ਅਹਿਮਦ, ਨਵੀਨ-ਉਲ-ਹੱਕ, ਫਜ਼ਲਹਕ ਫਾਰੂਕੀ, ਫਰੀਦ ਅਹਿਮਦ ਮਲਿਕ।

ਰਿਜ਼ਰਵ : ਸਾਦਿਕ ਅਟਲ, ਹਜ਼ਰਤੁੱਲਾ ਜ਼ਜ਼ਈ, ਸਲੀਮ ਸਫੀ।



# ਵੈਸਟਇੰਡੀਜ਼ ਦੀ ਵੱਡੀ ਜਿੱਤ, ਅਫਗਾਨਿਸਤਾਨ ਨੂੰ 104 ਦੌੜਾਂ ਨਾਲ ਹਰਾਇਆ

ਨਿਕੋਲਸ ਪੂਰਨ (98) ਦੀ ਸ਼ਾਨਦਾਰ ਅਰਧ ਸੈਂਕੜੇ ਵਾਲੀ ਪਾਰੀ ਅਤੇ ਇਸ ਤੋਂ ਬਾਅਦ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ 'ਤੇ ਵੈਸਟਇੰਡੀਜ਼ ਨੇ ਟੀ-20 ਵਿਸ਼ਵ ਕੱਪ ਦੇ 40ਵੇਂ ਮੈਚ 'ਚ ਅਫਗਾਨਿਸਤਾਨ ਨੂੰ 104 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ। ਡੈਰੇਨ ਸੈਮੀ ਨੈਸ਼ਨਲ ਕ੍ਰਿਕਟ ਸਟੇਡੀਅਮ 'ਚ ਅਫਗਾਨਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਬੱਲੇਬਾਜ਼ੀ ਕਰਨ ਆਈ ਵੈਸਟਇੰਡੀਜ਼ ਦੀ ਸ਼ੁਰੂਆਤ ਚੰਗੀ ਨਹੀਂ ਰਹੀ ਅਤੇ ਅਜ਼ਮਤੁੱਲਾ ਉਮਰਜ਼ਈ ਨੇ ਬ੍ਰੈਂਡਨ ਕਿੰਗ (7) ਨੂੰ ਗੇਂਦਬਾਜ਼ੀ ਕਰ ਕੇ ਅਫਗਾਨਿਸਤਾਨ ਨੂੰ ਪਹਿਲੀ ਸਫਲਤਾ ਦਿਵਾਈ। ਇਸ ਤੋਂ ਬਾਅਦ ਬੱਲੇਬਾਜ਼ੀ ਕਰਨ ਆਏ ਨਿਕੋਲਸ ਪੂਰਨ ਨੇ ਜਾਨਸਨ ਚਾਰਲਸ ਨਾਲ ਤੂਫਾਨੀ ਬੱਲੇਬਾਜ਼ੀ ਕਰਦੇ ਹੋਏ ਪਾਰੀ ਦੀ ਕਮਾਨ ਸੰਭਾਲੀ। ਦੋਵਾਂ ਵਿਚਾਲੇ ਦੂਜੇ ਵਿਕਟ ਲਈ 80 ਦੌੜਾਂ ਦੀ ਸਾਂਝੇਦਾਰੀ ਹੋਈ। ਨਵੀਨ ਉਲ ਹੱਕ ਨੇ ਅੱਠਵੇਂ ਓਵਰ ਵਿੱਚ ਜਾਨਸਨ ਚਾਰਲਸ ਨੂੰ ਆਊਟ ਕਰਕੇ ਇਸ ਸਾਂਝੇਦਾਰੀ ਨੂੰ ਤੋੜਿਆ।

ਜਾਨਸਨ ਚਾਰਲਸ ਨੇ 27 ਗੇਂਦਾਂ ਵਿੱਚ ਅੱਠ ਚੌਕੇ ਜੜੇ 43 ਦੌੜਾਂ ਦੀ ਪਾਰੀ ਖੇਡੀ। ਸ਼ੇ ਹੋਪ 13ਵੇਂ ਓਵਰ ਵਿੱਚ 17 ਗੇਂਦਾਂ ਵਿੱਚ 25 ਦੌੜਾਂ ਬਣਾ ਕੇ ਆਊਟ ਹੋ ਗਏ। ਕਪਤਾਨ ਰੋਵਮੈਨ ਪਾਵੇਲ ਨੇ 15 ਗੇਂਦਾਂ ਵਿੱਚ 26 ਦੌੜਾਂ ਬਣਾਈਆਂ। ਬਦਕਿਸਮਤੀ ਨਾਲ, ਨਿਕੋਲਸ ਪੂਰਨ 20ਵੇਂ ਓਵਰ ਦੀ ਚੌਥੀ ਗੇਂਦ 'ਤੇ ਰਨ ਆਊਟ ਹੋ ਗਏ। ਉਨ੍ਹਾਂ ਨੇ 53 ਗੇਂਦਾਂ ਵਿੱਚ ਛੇ ਚੌਕੇ ਅਤੇ ਅੱਠ ਛੱਕੇ ਲਗਾਉਂਦੇ ਹੋਏ 98 ਦੌੜਾਂ ਦੀ ਪਾਰੀ ਖੇਡੀ। ਆਂਦਰੇ ਰਸਲ (3) ਅਤੇ ਸ਼ੇਰਫੇਨ ਰਦਰਫੋਰਡ (1) ਦੌੜਾਂ ਬਣਾ ਕੇ ਅਜੇਤੂ ਰਹੇ। ਵੈਸਟਇੰਡੀਜ਼ ਨੇ ਨਿਰਧਾਰਤ 20 ਓਵਰਾਂ ਵਿੱਚ ਪੰਜ ਵਿਕਟਾਂ ’ਤੇ 218 ਦੌੜਾਂ ਬਣਾਈਆਂ। ਇਹ ਟੀ-20 ਵਿਸ਼ਵ ਕੱਪ ਦਾ ਸਭ ਤੋਂ ਵੱਡਾ ਸਕੋਰ ਹੈ। ਅਫਗਾਨਿਸਤਾਨ ਲਈ ਗੁਲਬਦੀਨ ਨਾਇਬ ਨੇ ਦੋ ਵਿਕਟਾਂ ਲਈਆਂ। ਨਵੀਨ ਉਲ ਹੱਕ ਅਤੇ ਅਜ਼ਮਤੁੱਲਾ ਉਮਰਜ਼ਈ ਨੇ ਇਕ-ਇਕ ਬੱਲੇਬਾਜ਼ ਨੂੰ ਆਊਟ ਕੀਤਾ।

219 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਅਫਗਾਨਿਸਤਾਨ ਦੀ ਸ਼ੁਰੂਆਤ ਵੀ ਖਰਾਬ ਰਹੀ ਅਤੇ ਪਹਿਲੇ ਹੀ ਓਵਰ ਵਿਚ ਰਹਿਮਾਨੁੱਲਾ ਗੁਰਬਾਜ਼ (0) ਦਾ ਵਿਕਟ ਗੁਆ ਬੈਠਾ। ਇਸ ਤੋਂ ਬਾਅਦ ਬੱਲੇਬਾਜ਼ੀ ਕਰਨ ਆਏ ਗੁਲਬਦੀਨ ਨਾਇਬ ਵੀ (7) ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਏ। ਅਜ਼ਮਤੁੱਲਾ ਉਮਰਜ਼ਈ ਨੇ ਇਬਰਾਹਿਮ ਜ਼ਦਰਾਨ ਨਾਲ ਪਾਰੀ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਅੱਠਵੇਂ ਓਵਰ 'ਚ ਓਬੇਦ ਮਾਕੋਏ ਨੇ ਚੌਥੀ ਗੇਂਦ 'ਤੇ ਇਬਰਾਹਿਮ ਜ਼ਾਦਰਾਨ ਅਤੇ ਛੇਵੀਂ ਗੇਂਦ 'ਤੇ ਨਜੀਬੁੱਲਾ ਜ਼ਾਦਰਾਨ ਨੂੰ ਆਊਟ ਕਰਦੇ ਹੋਏ ਅਫਗਾਨਿਸਤਾਨ ਨੂੰ ਦੋ ਵੱਡੇ ਝਟਕੇ ਦਿੱਤੇ। ਇਬਰਾਹਿਮ ਜ਼ਦਰਾਨ ਨੇ 28 ਗੇਂਦਾਂ ਵਿੱਚ 38 ਦੌੜਾਂ ਬਣਾਈਆਂ।

ਅਜ਼ਮਤੁੱਲਾ ਉਮਰਜ਼ਈ ਨੇ 19 ਗੇਂਦਾਂ ਵਿੱਚ 23 ਦੌੜਾਂ ਬਣਾਈਆਂ। ਕਰੀਮ ਜਨਤ (14), ਰਾਸ਼ਿਦ ਖਾਨ (18) ਦੌੜਾਂ ਬਣਾ ਕੇ ਆਊਟ ਹੋਏ। ਵੈਸਟਇੰਡੀਜ਼ ਦੇ ਗੇਂਦਬਾਜ਼ਾਂ ਦੇ ਕਹਿਰ ਦੇ ਬਾਵਜੂਦ ਅਫਗਾਨਿਸਤਾਨ ਦੇ ਸੱਤ ਬੱਲੇਬਾਜ਼ ਦੋਹਰੇ ਅੰਕੜੇ ਤੱਕ ਵੀ ਨਹੀਂ ਪਹੁੰਚ ਸਕੇ। ਅਫਗਾਨਿਸਤਾਨ ਦੀ ਪੂਰੀ ਟੀਮ 16.2 ਓਵਰਾਂ 'ਚ 114 ਦੌੜਾਂ 'ਤੇ ਸਿਮਟ ਗਈ। ਵੈਸਟਇੰਡੀਜ਼ ਨੇ ਇਹ ਮੈਚ 104 ਦੌੜਾਂ ਦੇ ਵੱਡੇ ਫਰਕ ਨਾਲ ਜਿੱਤ ਲਿਆ। ਟੀ-20 ਵਿਸ਼ਵ ਕੱਪ 'ਚ ਵੈਸਟਇੰਡੀਜ਼ ਦੀ ਇਹ ਚੌਥੀ ਜਿੱਤ ਹੈ।

ਵੈਸਟਇੰਡੀਜ਼ ਵੱਲੋਂ ਬਣਾਇਆ ਗਿਆ ਸਕੋਰ ਟੀ-20 ਵਿੱਚ ਅਫਗਾਨਿਸਤਾਨ ਵਿਰੁੱਧ ਕਿਸੇ ਵੀ ਟੀਮ ਦਾ ਦੂਜਾ ਸਭ ਤੋਂ ਵੱਡਾ ਸਕੋਰ ਹੈ। ਵੈਸਟਇੰਡੀਜ਼ ਲਈ ਓਬੇਦ ਮੈਕਕੋਏ ਨੇ ਤਿੰਨ ਵਿਕਟਾਂ ਲਈਆਂ। ਅਕੀਲ ਹੁਸੈਨ ਅਤੇ ਗੁਦਾਕੇਸ਼ ਮੋਟੀ ਨੇ ਦੋ-ਦੋ ਬੱਲੇਬਾਜ਼ਾਂ ਨੂੰ ਆਊਟ ਕੀਤਾ। ਆਂਦਰੇ ਰਸਲ ਅਤੇ ਅਲਜ਼ਾਰੀ ਜੋਸੇਫ ਨੂੰ ਇਕ-ਇਕ ਵਿਕਟ ਮਿਲੀ।

# ਗੇਂਦਬਾਜ਼ਾਂ ਦੇ ਧਮਾਕੇਦਾਰ ਪ੍ਰਦਰਸ਼ਨ ਦੀ ਬਦੌਲਤ NZ ਨੇ PNG ਨੂੰ ਹਰਾਇਆ



ਤ੍ਰਿਨੀਦਾਦ ਐਂਡ ਤੋਬੈਗੋ 'ਚ ਖੇਡੇ ਗਏ ਵਿਸ਼ਵ ਕੱਪ ਮੁਕਾਬਲੇ 'ਚ ਨਿਊਜ਼ੀਲੈਂਡ ਨੇ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਪਪੂਆ ਨਿਊ ਗਿਨੀ ਨੂੰ 7 ਵਿਕਟਾਂ ਨਾਲ ਹਰਾ ਕੇ ਟੂਰਨਾਮੈਂਟ ਤੋਂ ਜਿੱਤ ਨਾਲ ਵਿਦਾਈ ਲਈ ਹੈ। ਇਸ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਕਪਤਾਨ ਕੇਨ ਵਿਲੀਅਮਸਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਦਾ ਇਹ ਫੈਸਲਾ ਗੇਂਦਬਾਜ਼ਾਂ ਨੇ ਬਿਲਕੁਲ ਸਹੀ ਸਾਬਿਤ ਕੀਤਾ ਤੇ ਲੌਕੀ ਫਾਰਗੁਸਨ (4 ਓਵਰ, 0 ਦੌੜ, 3 ਵਿਕਟਾਂ) ਦੇ ਚਮਤਕਾਰੀ ਪ੍ਰਦਰਸ਼ਨ ਤੋਂ ਬਾਅਦ ਟਿਮ ਸਾਊਦੀ (4 ਓਵਰ, 11 ਦੌੜਾਂ, 2 ਵਿਕਟਾਂ) ਤੇ ਟ੍ਰੈਂਟ ਬੋਲਟ (4 ਓਵਰ, 14 ਦੌੜਾਂ, 2 ਵਿਕਟਾਂ) ਦੀ ਸ਼ਾਨਦਾਰ ਗੇਂਦਬਾਜ਼ੀ ਦੀ ਬਦੌਲਤ ਨਿਊਜ਼ੀਲੈਂਡ ਨੇ ਪਪੂਆ ਨਿਊ ਗਿਨੀ ਦੀ ਟੀਮ ਨੂੰ ਸਿਰਫ਼ 19.4 ਓਵਰਾਂ 'ਚ ਹੀ 78 ਦੌੜਾਂ ਦੇ ਸਕੋਰ 'ਤੇ ਆਲ-ਆਊਟ ਕਰ ਦਿੱਤਾ। ਇਸ ਦੇ ਜਵਾਬ 'ਚ ਨਿਊਜ਼ੀਲੈਂਡ ਨੇ ਡੈਵੋਨ ਕੌਨਵੇ ਦੀ 32 ਗੇਂਦਾਂ 'ਚ 35 ਦੌੜਾਂ ਦੀ ਸ਼ਾਨਦਾਰ ਪਾਰੀ ਤੋਂ ਬਾਅਦ ਕਪਤਾਨ ਕੇਨ ਵਿਲੀਅਮਸਨ (18*) ਤੇ ਡੈਰਿਲ ਮਿਚੇਲ (19*) ਦੀਆਂ ਪਾਰੀਆਂ ਦੀ ਬਦੌਲਤ 3 ਵਿਕਟਾਂ ਗੁਆ ਕੇ 12.2 ਓਵਰਾਂ 'ਚ ਹੀ ਟੀਚਾ ਹਾਸਲ ਕਰ ਲਿਆ। ਨਿਊਜ਼ੀਲੈਂਡ ਦੇ ਤੇਜ਼ ਗੇਂਦਬਾਜ਼ ਲੌਕੀ ਫਾਰਗੁਸਨ ਦੇ ਇਤਿਹਾਸਕ ਪ੍ਰਦਰਸ਼ਨ ਦੀ ਬਦੌਲਤ ਉਸ ਨੂੰ ਪਲੇਅਰ ਆਫ਼ ਦਿ ਮੈਚ ਐਲਾਨਿਆ ਗਿਆ।



# ਰੋਹਿਤ ਦੇ ਕੋਚ ਨੇ ਮੇਰੇ ਕਰੀਅਰ ਨੂੰ ਆਕਾਰ ਦਿੱਤਾ : ਅਮਰੀਕੀ ਕ੍ਰਿਕਟਰ ਹਰਮੀਤ ਸਿੰਘ

ਅਮਰੀਕਾ ਵਿਚ ਚੱਲ ਰਹੇ ਟੀ-20 ਵਿਸ਼ਵ ਕੱਪ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀ ਅਮਰੀਕੀ ਟੀਮ ਦਾ ਹਿੱਸਾ ਖੱਬੇ ਹੱਥ ਦੇ ਸਪਿਨਰ ਹਰਮੀਤ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਭਾਰਤੀ ਕਪਤਾਨ ਰੋਹਿਤ ਸ਼ਰਮਾ ਦੇ ਕੋਚ ਦਿਨੇਸ਼ ਲਾਡ ਨੇ ਉਸਦੇ ਕਰੀਅਰ ਨੂੰ ਆਕਾਰ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 31 ਸਾਲਾ ਹਰਮੀਤ ਨੇ ਦੋ ਅੰਡਰ-19 ਵਿਸ਼ਵ ਕੱਪ ਵਿਚ ਭਾਰਤ ਦੀ ਪ੍ਰਤੀਨਿਧਤਾ ਕੀਤੀ ਤੇ ਅਮਰੀਕਾ ਜਾਣ ਤੋਂ ਪਹਿਲਾਂ ਉਮਰ ਵਰਗ ਟੂਰਨਾਮੈਂਟ ਵਿਚ ਮੁੰਬਈ ਲਈ ਖੇਡਿਆ। ਉਹ ਹੁਣ ਅਮਰੀਕੀ ਟੀਮ ਦਾ ਮੈਂਬਰ ਹੈ, ਜਿਸ ਨੇ ਟੀ-20 ਵਿਸ਼ਵ ਕੱਪ ਵਿਚ ਆਪਣੀ ਪਹਿਲੀ ਹੀ ਕੋਸ਼ਿਸ਼ ਵਿਚ ਸੁਪਰ-8 ਗੇੜ ਵਿਚ ਜਗ੍ਹਾ ਬਣਾਈ। ਹਰਮੀਤ ਨੇ ਕਿਹਾ,“ਮੈਂ ਇਸ ਸਫਰ ਵਿਚ ਮੇਰਾ ਸਾਥ ਦੇਣ ਲਈ ਸਾਰੇ ਲੋਕਾਂ ਤੇ ਵਿਸ਼ੇਸ਼ ਤੌਰ ’ਤੇ ਦਿਨੇਸ਼ ਲਾਡ ਸਰ ਨੂੰ ਧੰਨਵਾਦ ਦੇਣਾ ਚਾਹੁੰਦਾ ਹਾਂ। ਮੇਰੀ ਪ੍ਰਤਿਭਾ ਨੂੰ ਸਭ ਤੋਂ ਪਹਿਲਾਂ ਲਾਡ ਸਰ ਨੇ ਪਛਾਣਿਆ ਜਿਨ੍ਹਾਂ ਨੇ ਮੈਨੂੰ ਆਪਣੇ ਸਕੂਲ ਵਿਚ ਸ਼ਾਮਲ ਹੋਣ ਦੀ ਸਲਾਹ ਦਿੱਤੀ ਸੀ। ਉੱਥੇ ਉਨ੍ਹਾਂ ਨੇ ਮੈਨੂੰ ਉਹ ਸਭ ਕੁਝ ਦਿੱਤਾ ਜਿਹੜਾ ਸੰਭਾਵਿਤ ਦੇ ਸਕਦੇ ਸਨ।’



# ਫਾਗਰੁਸਨ ਦੇ ਇਤਿਹਾਸਕ ਪ੍ਰਦਰਸ਼ਨ ਦੀ ਬਦੌਲਤ ਨਿਊਜ਼ੀਲੈਂਡ ਨੇ PNG ਦੀ ਪੂਰੀ ਟੀਮ ਨੂੰ 78 ਦੌੜਾਂ 'ਤੇ ਕੀਤਾ ਢੇਰ

ਵਿਸ਼ਵ ਕੱਪ 2024 ਦੇ 39ਵੇਂ ਮੈਚ 'ਚ ਨਿਊਜ਼ੀਲੈਂਡ ਤੇ ਪਾਪੂਆ ਨਿਊ ਗਿਨੀ ਵਿਚਾਲੇ ਤ੍ਰਿਨੀਦਾਦ ਵਿਖੇ ਮੈਚ ਖੇਡਿਆ ਜਾ ਰਿਹਾ ਹੈ। ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ । ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਪਾਪੂਆ ਨਿਊ ਗਿਨੀ ਨੂੰ ਪਹਿਲਾ ਝਟਕਾ ਟੋਨੀ ਊਰਾ ਦੇ ਆਊਟ ਹੋਣ ਨਾਲ ਲੱਗਾ। ਟੋਨੀ ਉਰਾ 1 ਦੌੜ ਬਣਾ ਸਾਊਥੀ ਦਾ ਸ਼ਿਕਾਰ ਬਣਿਆ।

ਪਾਪੂਆ ਨਿਊ ਗਿਨੀ ਨੂੰ ਦੂਜਾ ਝਟਕਾ ਕਪਤਾਨ ਅਸਦ ਵਾਲਾ ਦੇ ਆਊਟ ਹੋਣ ਨਾਲ ਲੱਗਾ। ਅਸਦ 6 ਦੌੜਾਂ ਬਣਾ ਲਾਕੀ ਫਰਗੂਸਨ ਵਲੋਂ ਆਊਟ ਹੋਇਆ। ਇਸ ਤੋਂ ਬਾਅਦ ਚਾਰਲਸ ਅਮਿਨੀ (17), ਸੇਸੇ ਬਾਊ (12) ਤੇ ਚੈਡ ਸੋਪਰ (1) ਵੀ ਪੈਵੇਲੀਅਨ ਪਰਤ ਗਏ। ਖਬਰ ਲਿਖੇ ਜਾਣ ਸਮੇਂ ਤਕ ਪਾਪੂਆ ਨਿਊ ਗਿਨੀ ਨੇ 5 ਵਿਕਟਾਂ ਗੁਆ ਕੇ 45 ਦੌੜਾਂ ਬਣਾ ਲਈਆਂ ਸਨ।

ਇਸ ਤੋਂ ਬਾਅਦ ਲੌਕੀ ਫਾਰਗੁਸਨ ਦੀ ਧਮਾਕੇਦਾਰ ਗੇਂਦਬਾਜ਼ੀ ਤੋਂ ਬਾਅਦ ਟ੍ਰੈਂਟ ਬੋਲਟ ਤੇ ਟਿਮ ਸਾਊਦੀ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਤੇ ਪਪੂਆ ਨਿਊ ਗਿਨੀ ਦੀ ਪੂਰੀ ਟੀਮ ਨੂੰ 78 ਦੌੜਾਂ 'ਤੇ ਢੇਰ ਕਰ ਦਿੱਤਾ। ਫਾਰਗੁਸਨ ਨੇ 4 ਓਵਰਾਂ 'ਚ ਬਿਨਾਂ ਕੋਈ ਦੌੜ ਦਿੱਤੇ 3 ਵਿਕਟਾਂ ਕੱਢ ਕੇ ਇਤਿਹਾਸ ਰਚ ਦਿੱਤਾ। ਅਜਿਹਾ ਕਰਨ ਵਾਲਾ ਉਹ ਦੁਨੀਆ ਦਾ ਪਹਿਲਾ ਗੇਂਦਬਾਜ਼ ਬਣ ਗਿਆ ਹੈ।

ਦੋਵੇਂ ਟੀਮਾਂ ਦੀ ਪਲੇਇੰਗ 11

ਨਿਊਜ਼ੀਲੈਂਡ - ਫਿਨ ਐਲਨ, ਡੇਵੋਨ ਕੋਨਵੇ (ਵਿਕਟਕੀਪਰ), ਰਚਿਨ ਰਵਿੰਦਰਾ, ਕੇਨ ਵਿਲੀਅਮਸਨ (ਕਪਤਾਨ), ਡੇਰਿਲ ਮਿਸ਼ੇਲ, ਗਲੇਨ ਫਿਲਿਪਸ, ਮਿਸ਼ੇਲ ਸੈਂਟਨਰ, ਈਸ਼ ਸੋਢੀ, ਟਿਮ ਸਾਊਥੀ, ਲਾਕੀ ਫਰਗੂਸਨ, ਟ੍ਰੇਂਟ ਬੋਲਟ


ਪਾਪੂਆ ਨਿਊ ਗਿਨੀ - ਟੋਨੀ ਉਰਾ, ਅਸਦ ਵਾਲਾ (ਕਪਤਾਨ), ਚਾਰਲਸ ਅਮੀਨੀ, ਸੇਸੇ ਬਾਉ, ਹੀਰੀ ਹੀਰੀ, ਚਾਡ ਸੋਪਰ, ਕਿਪਲਿਨ ਡੋਰੀਗਾ (ਵਿਕਟਕੀਪਰ), ਨੌਰਮਨ ਵੈਨੂਆ, ਅਲੇਈ ਨਾਓ, ਕਾਬੂਆ ਮੋਰੀਆ, ਸੇਮੋ ਕਾਮਿਆ

# ਕੈਲੀਫੋਰਨੀਆ 'ਚ ਪੰਜਾਬੀ ਸੀਨੀਅਰ ਚੋਬਰਾ ਨੇ ਜਿੱਤੇ ਮੈਡਲ



ਐਤਵਾਰ 16 ਜੂਨ, 2024 ਨੂੰ ਬੇ ਏਰੀਆ ਵਿਖੇ ਸੀਨੀਅਰਜ਼ ਗੇਮਜ਼ ਹੋਈਆਂ। ਇਹ ਟ੍ਰੈਕ ਐਂਡ ਫੀਲਡ ਮੀਟ ਸੈਨ ਮਾਟੇਓ, ਕੈਲੀਫੋਰਨੀਆ ਦੇ ਸੈਨ ਮਾਟੇਓ ਸਿਟੀ ਕਾਲਜ ਸਟੇਡੀਅਮ ਵਿੱਚ ਹੋਈਆਂ। ਇਹਨਾਂ ਗੇਮਾਂ ਵਿੱਚ ਫਰਿਜਨੋ ਅਤੇ ਮਾਨਟੇਕਾ ਤੋਂ 7 ਅਥਲੀਟਾਂ ਨੇ ਵੱਖ-ਵੱਖ ਉਮਰ ਸਮੂਹਾਂ ਅਤੇ ਫੀਲਡ ਅਤੇ ਟਰੈਕ ਈਵੈਂਟਾਂ ਵਿੱਚ ਹਿੱਸਾ ਲਿਆ ਤੇ ਕੁੱਲ 20 ਤਗਮੇ ਜਿੱਤੇ। ਇਸ ਮੀਟ ਵਿੱਚ ਭਾਗ ਲੈਣ ਲਈ ਕੈਲੀਫੋਰਨੀਆ ਰਾਜ ਦੇ ਲਗਭਗ 200 ਐਥਲੀਟ ਪਹੁੰਚੇ ਹੋਏ ਸਨ।
ਫਰਿਜਨੋ ਤੋਂ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿੱਚ ਗੋਲਡ ਮੈਡਲ ਡਿਸਕਸ ਥ੍ਰੋ ਵਿੱਚ ਗੋਲਡ ਮੈਡਲ ਅਤੇ ਜੈਵਲਿਨ ਥਰੋਅ ਵਿੱਚ ਗੋਲਡ ਮੈਡਲ ਜਿੱਤਿਆ। ਰਣਧੀਰ ਸਿੰਘ ਵਿਰਕ ਨੇ ਹੈਮਰ ਥਰੋਅ ਵਿੱਚ ਗੋਲਡ ਮੈਡਲ ਅਤੇ ਡਿਸਕਸ਼ਨ ਥਰੋਅ, ਸ਼ਾਟ ਪੁਟ, ਜੈਵਲਿਨ ਥਰੋਅ ਅਤੇ 50 ਮੀਟਰ ਡੈਸ਼ ਰੇਸ ਵਿੱਚ 4 ਚਾਂਦੀ ਦੇ ਤਗਮੇ ਜਿੱਤੇ। ਫਰਿਜ਼ਨੋ ਦੇ ਕਮਲਜੀਤ ਸਿੰਘ ਬੈਨੀਪਾਲ ਨੇ 400 ਮੀਟਰ ਦੌੜ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਅਤੇ 800 ਮੀਟਰ ਦੌੜ ਵਿੱਚ ਸੋਨ ਤਗਮਾ ਜਿੱਤਿਆ।
ਹਰਦੀਪ ਸਿੰਘ ਸੰਘੇੜਾ ਨੇ 400 ਮੀਟਰ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜਨੋ ਦੇ ਪਵਿਤਰ ਸਿੰਘ ਕਲੇਰ ਨੇ ਉੱਚੀ ਛਾਲ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਮਾਨਟੇਕਾ ਦੇ ਰਜਿੰਦਰ ਸਿੰਘ ਸੇਖੋਂ ਨੇ 400 ਮੀਟਰ ਵਿੱਚ ਗੋਲਡ ਮੈਡਲ ਅਤੇ 800 ਮੀਟਰ ਵਿੱਚ ਗੋਲਡ ਮੈਡਲ ਜਿੱਤਿਆ। ਮਾਨਟੇਕਾ ਦੇ ਦਰਸ਼ਨ ਸਿੰਘ ਨੇ 200 ਮੀਟਰ ਵਿੱਚ ਗੋਲਡ ਮੈਡਲ ਅਤੇ 100 ਮੀਟਰ ਵਿੱਚ ਕਾਂਸੀ ਦਾ ਤਗਮਾ ਜਿੱਤਿਆ।
ਇਸ ਤੋਂ ਇਲਾਵਾ ਹਰਦੀਪ ਸਿੰਘ ਸੰਘੇੜਾ, ਕਮਲਜੀਤ ਸਿੰਘ ਬੈਨੀਪਾਲ, ਰਜਿੰਦਰ ਸਿੰਘ ਸੇਖੋਂ ਅਤੇ ਦਰਸ਼ਨ ਸਿੰਘ ਦੀ ਟੀਮ ਨੇ 4x100 ਮੀਟਰ ਰਿਲੇਅ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਇਹਨਾਂ ਸਾਰੇ ਪੰਜਾਬੀ ਸੀਨੀਅਰ ਚੋਬਰਾਂ ਨੇ ਅਗਲੇ ਸਾਲ ਲਈ ਰਾਸ਼ਟਰੀ ਸੀਨੀਅਰ ਖੇਡਾਂ ਲਈ ਕੁਆਲੀਫਾਈ ਕੀਤਾ ਹੈ
ਇਹਨਾਂ ਨੇ 6 ਗੋਲਡ ਮੈਡਲ , 12 ਸਿਲਵਰ ਮੈਡਲ ਅਤੇ 2 ਕਾਂਸੀ ਦੇ ਮੈਡਲ ਜਿੱਤੇ।

## ਬੇ ਏਰੀਆ ਸੀਨੀਅਰ ਖੇਡਾਂ ਦੇ ਡਾਇਰੈਕਟਰ ਐਨ ਕ੍ਰਿਬਸ ਨਾਲ ਕੈਲੀਫੋਰਨੀਆ ਦੇ ਪੰਜਾਬੀ ਐਥਲੀਟਾਂ ਨੇ ਕੀਤੀ ਮੀਟਿੰਗ



ਕੈਲੀਫੋਰਨੀਆ ਦੇ ਸੀਨੀਅਰ ਐਥਲੀਟਾਂ ਨੇ ਬੇ ਏਰੀਆ ਸੀਨੀਅਰ ਖੇਡਾਂ ਦੇ ਡਾਇਰੈਕਟਰ ਐਨ ਕ੍ਰਿਬਸ ਨਾਲ ਲੰਘੇ ਹਫ਼ਤੇ ਮੀਟਿੰਗ ਕੀਤੀ, ਇਹ ਮੀਟਿੰਗ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ ਦੇ ਯਤਨਾਂ ਨਾਲ ਸੰਭਵ ਹੋਈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਐਂਨ ਕ੍ਰਿਬਸ ਤੈਰਾਕੀ ਵਿਚ 1960 ਦੀ ਰੋਮ ਓਲੰਪੀਅਨ ਹੈ। ਇਸ ਮੀਟਿੰਗ ਮੌਕੇ ਲਾਈਫ ਟਾਈਮ ਅਚੀਵਮੈਂਟ ਅਵਾਰਡ ਜੇਤੂ ਦਰਸ਼ਨ ਸਿੰਘ ਸੰਧੂ ਬਾਸਕਟਬਾਲ ਕੋਚ ਯੂਨੀਵਰਸਿਟੀ ਪਟਿਆਲ ਵੀ ਮਜੂਦ ਰਹੇ, ਉਨ੍ਹਾਂ ਨੇ ਕਾਲਜ ਵਿਚ ਬਹੁਤ ਸਾਰੇ ਖਿਡਾਰੀਆਂ ਨੂੰ ਕੋਚ ਕੀਤਾ ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਖੇਡੇ।
ਕੁਲਵੰਤ ਸਿੰਘ ਲੰਬਰ ਪੰਜਾਬ ਪੁਲਸ ਦੇ ਸੇਵਾਮੁਕਤ ਅਫ਼ਸਰ ਅਤੇ ਪੰਜਾਬ ਪੁਲਸ ਅਤੇ ਭਾਰਤੀ ਰਾਸ਼ਟਰੀ ਟੀਮ ਦੇ ਮਹਾਨ ਬਾਸਕਟਬਾਲ ਖਿਡਾਰੀ ਹਨ ਵੀ ਇਸ ਮੌਕੇ ਮਜੂਦ ਰਹੇ। ਇਸ ਗੱਲਬਾਤ ਦਾ ਹਿੱਸਾ ਡਾ: ਸਤਿੰਦਰਪਾਲ ਸਿੰਘ ਸੰਘਾ ਪੀ.ਐੱਚ.ਡੀ. ਪੀ.ਏ.ਯੂ ਪਸ਼ੂ ਪਾਲਣ ਯੂਨੀਵਰਸਿਟੀ ਲੁਧਿਆਣਾ ਵੀ ਰਹੇ। ਉਹ ਡੀਨ ਵਜੋਂ ਸੇਵਾਮੁਕਤ ਹੋਏ ਹਨ ਜੋ ਵਰਤਮਾਨ ਵਿੱਚ ਅਮਰੀਕਾ ਦਾ ਦੌਰਾ ਕਰ ਰਹੇ ਹਨ। ਸਾਰੇ ਪਤਵੰਤੇ ਸੱਜਣਾਂ ਨਾਲ ਐਨ ਕ੍ਰਿਬਸ ਨੇ ਬਹੁਤ ਵਧੀਆ ਮਹੌਲ ਵਿੱਚ ਬਹੁਤ ਵਧੀਆ ਗੱਲਬਾਤ ਕੀਤੀ। ਐਨ ਕ੍ਰਿਬਸ ਚੰਗੀ ਐਥਲੀਟ ਹੋਣ ਦੇ ਨਾਲ ਨਾਲ ਇਨਸਾਨੀ ਗੁਣਾਂ ਨਾਲ ਭਰਪੂਰ ਜਿੰਦਾਦਿਲ ਖੇਡ ਡਾਇਰੈਕਟਰ ਹੈ, ਜਿਸ ਨੂੰ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ 2016 ਤੋਂ ਜਾਣਦੇ ਹਨ।

# ਗੁਰਬਖ਼ਸ਼ ਸਿੰਘ ਸਿੱਧੂ ਨੇ ਅਮਰੀਕਾ ਦੇ ਸੈਂਟਾ ਰੋਜ਼ਾ ਵਿਖੇ ਐਥਲੀਟ ਮੀਟ ਵਿੱਚ ਜਿੱਤੇ ਮੈਡਲ



ਫਰਿਜਨੋ ਦੇ ਸੀਨੀਅਰ ਐਥਲੀਟ ਸ. ਗੁਰਬਖ਼ਸ਼ ਸਿੰਘ ਸਿੱਧੂ ਜਿਹੜੇ ਕਿ ਅਕਸਰ ਸੀਨੀਅਰ ਖੇਡਾਂ ਵਿਚ ਭਾਗ ਲੈ ਕੇ ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਉਂਦੇ ਆ ਰਹੇ ਹਨ। ਉਹਨਾਂ ਨੇ ਐਤਵਾਰ 9 ਜੂਨ, 2024 ਨੂੰ ਕੈਲੀਫੋਰਨੀਆ ਦੇ ਸੈਂਟਾ ਰੋਜ਼ਾ ਵਿੱਚ ਸੋਨੋਮਾ ਵਾਈਨ ਕੰਟਰੀ ਥ੍ਰੋਇੰਗ ਮੁਕਾਬਲੇ ਵਿੱਚ ਹਿੱਸਾ ਲਿਆ। ਸੈਂਟਾ ਰੋਜ਼ਾ ਸ਼ਹਿਰ ਫੈਡਰਲ ਹਾਈਵੇਅ 101 'ਤੇ ਸਾਨ ਫਰਾਂਸਿਸਕੋ ਤੋਂ 60 ਮੀਲ ਉੱਤਰ ਵਿੱਚ ਹੈ।
ਗੁਰਬਖ਼ਸ਼ ਸਿੰਘ ਸਿੱਧੂ ਨੇ ਇੱਥੇ ਹੈਮਰ ਥਰੋਅ, ਵੇਟ ਥਰੋਅ ਡਿਸਕਸ ਥਰੋਅ ਅਤੇ ਪੈਨਟਾਥਲੋਨ ਵਿੱਚ ਮੁਕਾਬਲਾ ਕਰਦਿਆਂ ਜਿੱਤ ਦਰਜ ਕੀਤੀ। ਉਹਨਾਂ ਸ਼ਾਟ ਪੁੱਟ ਵਿਚ ਜਿੱਤ ਹਾਸਲ ਕਰਨ ਦੇ ਨਾਲ ਨਾਲ ਜੈਵਲਿਨ ਥਰੋਅ ਵਿੱਚ ਤੀਜਾ ਸਥਾਨ ਜਿੱਤਿਆ ।ਇਸ ਤਰ੍ਹਾਂ ਕੁੱਲ ਮਿਲਾਕੇ ਉਹਨਾਂ 4 ਗੋਲਡ ਮੈਡਲ, 1 ਚਾਂਦੀ ਦਾ ਤਗਮਾ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ। ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ 50+ ਉਮਰ ਦੇ ਐਥਲੀਟ ਪੂਰੇ ਕੈਲੀਫੋਰਨੀਆ ਤੋਂ ਆਏ ਸਨ। ਮੁਕਾਬਲੇ ਲਈ 45 ਦੇ ਕਰੀਬ ਪੁਰਸ਼ ਅਤੇ ਮਹਿਲਾ ਅਥਲੀਟ ਉੱਥੇ ਪਹੁੰਚੇ ਹੋਏ ਸਨ।

# UAE ਤੋਂ ਬੇਤਹਾਸ਼ਾ ਸੋਨਾ-ਚਾਂਦੀ ਖਰੀਦ ਰਿਹਾ ਭਾਰਤ, 210 ਫੀਸਦੀ ਵਧਿਆ ਇੰਪੋਰਟ



ਭਾਰਤ ਦਾ ਆਪਣੇ ਮੁਕਤ ਵਪਾਰ ਸਮਝੌਤਾ (ਐੱਫ.ਟੀ.ਏ.) ਸਾਂਝੇਦਾਰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਤੋਂ ਸੋਨੇ ਅਤੇ ਚਾਂਦੀ ਦੀ ਦਰਾਮਦ (ਇੰਪੋਰਟ) 2023-24 'ਚ 210 ਫੀਸਦੀ ਵੱਧ ਕੇ 10.7 ਅਰਬ ਡਾਲਰ ਹੋ ਗਿਆ ਹੈ। ਇਸ ਉਛਾਲ ਨੂੰ ਘੱਟ ਕਰਨ ਲਈ ਸਮਝੌਤੇ ਦੇ ਤਹਿਤ ਰਿਆਇਤੀ ਕਸਟਮ ਡਿਊਟੀ ਦਰਾਂ 'ਚ ਸੰਭਾਵੀ ਤੌਰ 'ਤੇ ਸੋਧ ਕਰਨ ਦੀ ਲੋੜ ਹੈ।
ਆਰਥਿਕ ਸੋਧ ਸੰਸਥਾ ਗਲੋਬਲ ਟ੍ਰੇਡ ਰਿਸਰਚ ਇਨੀਸ਼ਿਏਟਿਵ (ਜੀ.ਟੀ.ਆਰ.ਆਈ.) ਦੇ ਅਨੁਸਾਰ ਸੋਨੇ ਅਤੇ ਚਾਂਦੀ ਦੀ ਦਰਾਮਦ 'ਚ ਇਹ ਤੇਜ਼ ਵਾਧਾ ਮੁੱਖ ਤੌਰ 'ਤੇ ਭਾਰਤ-ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਆਪਕ ਆਰਥਿਕ ਹਿੱਸੇਦਾਰੀ ਸਮਝੌਤੇ (ਸੀ.ਈ.ਪੀ.ਏ.) ਦੇ ਤਹਿਤ ਭਾਰਤ ਵੱਲੋਂ ਯੂ.ਏ.ਈ. ਨੂੰ ਦਿੱਤੀ ਗਈ ਦਰਾਮਦ ਡਿਊਟੀ ਰਿਆਇਤਾਂ ਨਾਲ ਮੁਮਕਿਨ ਹੋ ਸਕੀ ਹੈ।
ਰਿਪੋਰਟ 'ਚ ਕਿਹਾ ਗਿਆ, "ਭਾਰਤ ਦਾ ਯੂ.ਏ.ਈ. ਤੋਂ ਕੁੱਲ ਦਰਾਮਦ ਵਿੱਤੀ ਸਾਲ 2022-23 'ਚ 53.2 ਅਰਬ ਅਮਰੀਕੀ ਡਾਲਰ ਤੋਂ 9.8 ਫੀਸਦੀ ਘੱਟ ਕੇ ਵਿੱਤੀ ਸਾਲ 2023-24 'ਚ 48 ਅਰਬ ਅਮਰੀਕੀ ਡਾਲਰ ਹੋ ਗਿਆ, ਜਦਕਿ ਸੋਨੇ ਅਤੇ ਚਾਂਦੀ ਦੀ ਦਰਾਮਦ 210 ਫੀਸਦੀ ਵੱਧ ਕੇ 3.5 ਅਰਬ ਅਮਰੀਕੀ ਡਾਲਰ ਤੋਂ 10.7 ਅਰਬ ਅਮਰੀਕੀ ਡਾਲਰ ਹੋ ਗਿਆ। ਬਾਕੀ ਸਾਰੇ ਉਤਪਾਦਾਂ ਦੀ ਦਰਾਮਦ ਵਿੱਤੀ ਸਾਲ 2022-23 'ਚ 49.7 ਅਰਬ ਅਮਰੀਕੀ ਡਾਲਰ ਤੋਂ 25 ਫੀਸਦੀ ਘੱਟ ਕੇ ਵਿੱਤੀ ਸਾਲ 2023-24 'ਚ 37.3 ਅਰਬ ਅਮਰੀਕੀ ਡਾਲਰ ਹੋ ਗਿਆ।"
ਚਾਂਦੀ ਦੀ ਦਰਾਮਦ 'ਤੇ 7 ਫੀਸਦੀ ਡਿਊਟੀ
ਜੀ.ਟੀ.ਆਰ.ਆਈ. ਦੀ ਰਿਪੋਰਟ ਅਨੁਸਾਰ ਭਾਰਤ ਅਸੀਮਿਤ ਮਾਤਰਾ 'ਚ ਚਾਂਦੀ ਦਰਾਮਦ 'ਤੇ 7 ਫੀਸਦੀ ਡਿਊਟੀ ਜਾਂ ਕਸਟਮ ਡਿਊਟੀ ਰਿਆਇਤਾਂ ਅਤੇ 160 ਮੀਟ੍ਰਿਕ ਟਨ ਸੋਨੇ 'ਤੇ ਇਕ ਫੀਸਦੀ ਰਿਆਇਤ ਦਿੰਦਾ ਹੈ। ਸੀ.ਈ.ਪੀ.ਏ. 'ਤੇ ਫਰਵਰੀ 2022 'ਚ ਹਸਤਾਖਰ ਕੀਤੇ ਗਏ ਅਤੇ ਮਈ 2022 'ਚ ਇਸ ਨੂੰ ਲਾਗੂ ਕੀਤਾ ਗਿਆ।
ਇਸ ਤੋਂ ਇਲਾਵਾ ਭਾਰਤ ਗਿਫਟ ਸਿਟੀ 'ਚ ਇੰਡੀਆ ਇੰਟਰਨੈਸ਼ਨਲ ਬੁਲੀਅਨ ਐਕਸਚੇਂਜ (ਆਈ.ਆਈ.ਬੀ.ਐਕਸ.) ਦੇ ਜ਼ਰੀਏ ਨਿੱਜੀ ਕੰਪਨੀਆਂ ਨੂੰ ਯੂ.ਏ.ਈ. ਤੋਂ ਦਰਾਮਦ ਕਰਨ ਦੀ ਇਜਾਜ਼ਤ ਦੇ ਕੇ ਸੋਨੇ ਅਤੇ ਚਾਂਦੀ ਦੀ ਦਰਾਮਦ ਦੀ ਸਹੂਲਤ ਦਿੰਦਾ ਹੈ। ਪਹਿਲਾਂ ਸਿਰਫ ਅਧਿਕਾਰਤ ਏਜੰਸੀਆਂ ਹੀ ਅਜਿਹੀਆਂ ਦਰਾਮਦਾਂ ਨੂੰ ਸੰਭਾਲ ਸਕਦੀਆਂ ਸਨ।
ਜਿਊਲਰੀ 'ਤੇ 15 ਫੀਸਦੀ ਦਰਾਮਦ ਡਿਊਟੀ ਸਹੀ ਨਹੀਂ
ਜੀ.ਟੀ.ਆਰ.ਆਈ. ਦੇ ਸੰਸਥਾਪਕ ਅਜੇ ਸ਼੍ਰੀਵਾਸਤਵ ਨੇ ਕਿਹਾ ਕਿ ਯੂ.ਏ.ਈ. ਤੋਂ ਸੋਨੇ ਅਤੇ ਚਾਂਦੀ ਦੀ ਮੌਜੂਦਾ ਦਰਾਮਦ ਟਿਕਾਊ ਨਹੀਂ ਹੈ, ਕਿਉਂਕਿ ਯੂ.ਏ.ਈ. ਸੋਨੇ ਜਾਂ ਚਾਂਦੀ ਦਾ ਖਨਨ ਨਹੀਂ ਕਰਦਾ ਹੈ ਜਾਂ ਦਰਾਮਦ 'ਚ ਢੁੱਕਵਾਂ ਮੁੱਲ ਨਹੀਂ ਜੋੜਾ ਹੈ। ਸ਼੍ਰੀਵਾਸਤਵ ਨੇ ਕਿਹਾ, "ਭਾਰਤ 'ਚ ਸੋਨੇ, ਚਾਂਦੀ ਅਤੇ ਗਹਿਣਿਆਂ 'ਤੇ 15 ਫੀਸਦੀ ਦੀ ਉੱਚ ਦਰਾਮਦ ਡਿਊਟੀ ਸਮੱਸਿਆ ਦੀ ਜੜ੍ਹ ਹੈ। ਡਿਊਟੀ ਨੂੰ ਘਟਾ ਕੇ 5 ਫੀਸਦੀ ਕਰਨ 'ਤੇ ਵਿਚਾਰ ਕਰੋ। ਇਸ ਨਾਲ ਵੱਡੇ ਪੱਧਰ 'ਤੇ ਸਮੱਗਲਿੰਗ ਅਤੇ ਹੋਰ ਦੁਰਵਰਤੋਂ 'ਚ ਕਮੀ ਆਏਗੀ।"
ਉਨ੍ਹਾਂ ਨੇ ਕਿਹਾ ਕਿ ਭਾਰਤ 'ਚ ਸੋਨੇ, ਚਾਂਦੀ ਅਤੇ ਹੀਰੇ ਦੇ ਵਪਾਰ ਦੀ ਦੁਰਵਰਤੋਂ ਹੋਣ ਦੀ ਸੰਭਾਵਨਾ ਹੈ, ਕਿਉਂਕਿ ਇਨ੍ਹਾਂ ਦੀ ਮਾਤਰਾ ਘੱਟ ਹੈ, ਪਰ ਕੀਮਤ ਜ਼ਿਆਦਾ ਹੈ ਅਤੇ ਦਰਾਮਦ ਡਿਊਟੀ ਵੀ ਵੱਧ ਹੈ। ਸ਼੍ਰੀਵਾਸਤਵ ਨੇ ਕਿਹਾ ਕਿ ਸੋਨਾ, ਚਾਂਦੀ ਦੀ ਘੱਟ ਡਿਊਟੀ ਦਰਾਮਦ ਨਾਲ ਸਿਰਫ ਕੁਝ ਦਰਾਮਦਕਾਰਾਂ ਨੂੰ ਹੀ ਲਾਭ ਹੁੰਦਾ ਹੈ, ਜੋ 'ਟੈਰਿਫ ਆਰਬਿਟ੍ਰੇਜ' ਦੇ ਜ਼ਰੀਏ ਹੋਣ ਵਾਲੇ ਸਾਰੇ ਮੁਨਾਫੇ ਨੂੰ ਆਪਣੇ ਕੋਲ ਰੱਖ ਲੈਂਦੇ ਹਨ ਅਤੇ ਇਸ ਨੂੰ ਕਦੇ ਵੀ ਖਪਤਕਾਰਾਂ ਤੱਕ ਨਹੀਂ ਪਹੁੰਚਾਉਂਦੇ।

# ਟੋਰਾਂਟੋ 'ਚ ਚੱਲੀਆਂ ਤਾੜ-ਤਾੜ ਗੋਲੀਆਂ, ਸ਼ੱਕੀ ਬੰਦੂਕਧਾਰੀ ਸਮੇਤ 3 ਦੀ ਮੌਤ



ਸੋਮਵਾਰ ਦੀ ਦੁਪਹਿਰ ਨੂੰ ਇੱਕ ਦਫ਼ਤਰ ਦੀ ਇਮਾਰਤ ਦੀ ਲਾਬੀ 'ਚ ਹੋਈ ਗੋਲੀਬਾਰੀ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ । ਟੋਰਾਂਟੋ ਪੁਲਸ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਟੋਰਾਂਟੋ ਪੁਲਸ ਨੇ ਦੱਸਿਆ ਕਿ ਦੁਪਹਿਰ 3:30 ਵਜੇ ਤੋਂ ਠੀਕ ਪਹਿਲਾਂ ਡੌਨ ਮਿੱਲਜ਼ ਰੋਡ ਅਤੇ ਮੋਲਾਰਡ ਰੋਡ ਦੇ ਆਲੇ-ਦੁਆਲੇ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ।
ਪੁਲਸ ਨੇ ਸ਼ੁਰੂ ਵਿੱਚ ਕਿਹਾ ਕਿ ਤਿੰਨ ਲੋਕ ਜ਼ਖ਼ਮੀ ਹੋਏ ਸਨ ਬਾਅਦ ਵਿੱਚ, ਜਾਂਚਕਰਤਾਵਾਂ ਨੇ ਪੁਸ਼ਟੀ ਕੀਤੀ ਕਿ ਤਿੰਨ ਬਾਲਗ ਮਾਰੇ ਗਏ ਹਨ। ਕੈਨੇਡਾ ਦੇ ਉੱਤਰੀ ਟੋਰਾਂਟੋ ਦੇ ਇੱਕ ਦਫ਼ਤਰ ਵਿੱਚ ਇੱਕ ਆਦਮੀ ਅਤੇ ਇੱਕ ਔਰਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਮਲਾਵਰ ਹੋਣ ਦੇ ਸ਼ੱਕ ਵਾਲੇ ਵਿਅਕਤੀ ਦੀ ਵੀ ਮੌਤ ਹੋ ਗਈ ਹੈ। ਗੋਲੀਬਾਰੀ ਕਾਰਨ ਡੇ-ਕੇਅਰ ਸਹੂਲਤ ਅਤੇ ਕੈਥੋਲਿਕ ਆਲ-ਬੁਆਏ ਐਲੀਮੈਂਟਰੀ ਸਕੂਲ ਬੰਦ ਕਰ ਦਿੱਤੇ ਗਏ । ਇਸ ਤੋਂ ਬਾਅਦ ਮਾਪੇ ਆਪਣੇ ਬੱਚਿਆਂ ਨੂੰ ਲੈਣ ਸਕੂਲ ਪਹੁੰਚੇ। ਮਾਪਿਆਂ ਨੇ ਆਪਣੇ ਬੱਚਿਆਂ ਦੇ ਸੁਰੱਖਿਅਤ ਪਾਏ ਜਾਣ ਤੋਂ ਬਾਅਦ ਰਾਹਤ ਮਹਿਸੂਸ ਕੀਤੀ।
ਪੁਲਸ ਨੇ ਕਿਹਾ ਕਿ ਇਸਦੀ ਐਮਰਜੈਂਸੀ ਟਾਸਕ ਫੋਰਸ ਅਤੇ K9 ਯੂਨਿਟਾਂ ਦੇ ਮੈਂਬਰਾਂ ਨੇ ਡੇ-ਕੇਅਰ ਸਟਾਫ ਅਤੇ ਬੱਚਿਆਂ ਨੂੰ ਬਾਹਰ ਕੱਢਿਆ ਅਤੇ ਆਸਪਾਸ ਦੇ ਖੇਤਰ ਸਮੇਤ ਇਮਾਰਤ ਨੂੰ ਸਾਫ਼ ਕੀਤਾ। ਇਮਾਰਤ ਤੋਂ ਬਾਹਰ ਨਿਕਲਣ ਸਮੇਂ ਬਹੁਤ ਸਾਰੇ ਮਾਂ-ਪਿਓ ਭਾਵੁਕ ਦਿਖਾਈ ਦਿੱਤੇ ਅਤੇ ਕੁਝ ਬੱਚਿਆਂ ਨੂੰ ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਦੁਆਰਾ ਰੋਂਦੇ ਹੋਏ ਗਲੇ ਲਗਾਇਆ ਗਿਆ।
ਪੁਲਸ ਨੂੰ ਲੱਗਦਾ ਹੈ ਕਿ ਗੋਲੀਬਾਰੀ ਇੱਕ ਕਾਰੋਬਾਰ ਨੂੰ ਲੈ ਕੇ ਹੋਏ ਝਗੜੇ ਨਾਲ "ਸਬੰਧਤ" ਸੀ। ਇਸ ਇਮਾਰਤ ਦੇ ਅੰਦਰ ਹੋਰ ਵੀ ਬਹੁਤ ਸਾਰੇ ਕਾਰੋਬਾਰੀ ਦਫ਼ਤਰ ਸਨ ਪਰ ਜਿਸ ਦਫ਼ਤਰ ਵਿੱਚ ਗੋਲੀਆਂ ਚੱਲੀਆਂ ਸੀ ਉਹ ਵਿੱਤੀ ਲੈਣ-ਦੇਣ ਨਾਲ ਸਬੰਧਿਤ ਹੈ।
ਮ੍ਰਿਤਕ ਆਰਥਿਕ ਲੈਣ-ਦੇਣ ਦਾ ਧੰਦਾ ਕਰਦਾ ਸੀ
ਡਿਟੈਕਟਿਵ ਸਾਰਜੈਂਟ ਅਲ ਬਾਰਟਲੇਟ ਨੇ ਜਾਣਕਾਰੀ ਦਿੱਤੀ ਹੈ ਕਿ ਮ੍ਰਿਤਕ ਪੁਰਸ਼ ਅਤੇ ਔਰਤ ਵਿੱਤੀ ਲੈਣ-ਦੇਣ ਦੇ ਕਾਰੋਬਾਰ ਨਾਲ ਜੁੜੇ ਹੋਏ ਸਨ। ਦੋਵਾਂ ਨੇ ਇਕੱਠੇ ਕੰਮ ਵੀ ਕੀਤਾ। ਸਾਡਾ ਮੰਨਣਾ ਹੈ ਕਿ ਵਿਵਾਦ ਇੱਕ ਵਿੱਤੀ ਲੈਣ-ਦੇਣ ਨੂੰ ਲੈ ਕੇ ਹੋਇਆ ਸੀ। ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲਾ ਵਿਅਕਤੀ ਵੀ ਮ੍ਰਿਤਕਾਂ ਵਿਚ ਸ਼ਾਮਲ ਹੈ।
ਹਮਲਾਵਰ ਦੀ ਮੌਤ ਕਿਵੇਂ ਹੋਈ?
ਅਧਿਕਾਰੀ ਪੀੜਤਾਂ ਅਤੇ ਹਮਲਾਵਰ ਦੀ ਪਛਾਣ ਗੁਪਤ ਰੱਖ ਰਹੇ ਹਨ। ਪਹਿਲਾਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਜਾਵੇਗੀ। ਬਾਰਟਲੇਟ ਨੇ ਇਸ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਕੀ ਸ਼ੱਕੀ ਹਮਲਾਵਰ ਨੇ ਖੁਦਕੁਸ਼ੀ ਕੀਤੀ ਹੈ ਜਾਂ ਕਿਸੇ ਹੋਰ ਤਰੀਕੇ ਨਾਲ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਜੇ ਜਾਂਚ ਜਾਰੀ ਹੈ।
ਗ੍ਰਾਫਿਕ ਡਿਜ਼ਾਈਨਰ 'ਸ਼ਾਰੋਖ ਬਿਨਿਆਜ਼' ਨੇ ਬੁਲਾਈ ਪੁਲਸ
ਇੱਕ ਫੋਟੋਗ੍ਰਾਫਰ ਅਤੇ ਗ੍ਰਾਫਿਕ ਡਿਜ਼ਾਈਨਰ 'ਸ਼ਾਰੋਖ ਬਿਨਿਆਜ਼' ਜਿਸਦਾ ਉਸੇ ਇਮਾਰਤ ਵਿੱਚ ਇੱਕ ਦਫ਼ਤਰ ਹੈ ਉਸ ਨੇ ਕਿਹਾ ਕਿ ਉਸਨੇ ਗੋਲੀਬਾਰੀ ਅਤੇ ਬਹਿਸ ਸੁਣੀ ਸੀ। ਉਸ ਨੇ ਕਿਹਾ "ਮੈਨੂੰ ਨਹੀਂ ਪਤਾ ਸੀ ਕਿ ਇਹ ਕੀ ਹੋ ਰਿਹਾ ਸੀ ਪਰ ਮੈਂ ਸੋਚਿਆ ਕਿ ਇਹ ਸਰਕਟ ਬ੍ਰੇਕਰ ਜਾਂ ਕੋਈ ਚੀਜ਼ ਸੀ ਕਿਉਂਕਿ ਇਹ ਅਸਲ ਵਿੱਚ ਉੱਚੀ ਸੀ"। "ਮੈਂ ਆਪਣੇ ਦਫ਼ਤਰ ਤੋਂ ਬਾਹਰ ਆਇਆ ਅਤੇ ਮੈਂ ਰਿਸੈਪਸ਼ਨ ਵਿੱਚ ਕੁਝ ਦਲੀਲਾਂ ਸੁਣੀਆਂ ... ਮੈਂ ਆਪਣੇ ਡੈਸਕ 'ਤੇ ਵਾਪਸ ਗਿਆ ਅਤੇ ਬੈਠ ਗਿਆ, ਅਤੇ ਮੈਂ ਦੋ ਮਿੰਟਾਂ ਬਾਅਦ ਦੂਜਾ ਧਮਾਕਾ ਸੁਣਿਆ।" ਬਿਨਿਆਜ਼ ਨੇ ਕਿਹਾ ਕਿ ਉਸ ਸਮੇਂ ਉਹ ਦੁਬਾਰਾ ਆਪਣੇ ਦਫਤਰ ਤੋਂ ਬਾਹਰ ਨਿਕਲਿਆ, ਝਗੜਾ ਸੁਣਿਆ ਅਤੇ ਫਿਰ ਪਿਛਲੇ ਦਰਵਾਜ਼ੇ ਰਾਹੀਂ ਇਮਾਰਤ ਵਿਚੋਂ ਬਾਹਰ ਆ ਗਿਆ। ਇਸ ਤੋਂ ਬਾਅਦ ਮੈਂ 911 ਨੂੰ ਕਾਲ ਕੀਤੀ ਅਤੇ ਪੁਲਸ ਆ ਗਈ"। ਬਿਨਿਆਜ਼ ਨੇ ਕਿਹਾ ਕਿ ਜਦੋਂ ਪੁਲਸ ਪਹੁੰਚੀ - ਪਰ ਇਸ ਤੋਂ ਪਹਿਲਾਂ ਕਿ ਉਹ ਇਮਾਰਤ ਵਿੱਚ ਦਾਖਲ ਹੁੰਦੀ - ਉਸਨੇ ਇੱਕ ਤੋਂ ਬਾਅਦ ਇੱਕ "ਚਾਰ, ਪੰਜ, ਸ਼ਾਇਦ ਛੇ ਗੋਲੀਆਂ" ਦੀਆਂ ਆਵਾਜ਼ਾਂ ਸੁਣੀਆਂ।

# ਸਿੰਗਰ ਅਲਕਾ ਯਾਗਨਿਕ ਹੋਈ ਇਹ ਦੁਰਲੱਭ ਬੀਮਾਰੀ ਦਾ ਸ਼ਿਕਾਰ



ਹਰ ਕੋਈ ਮਸ਼ਹੂਰ ਗਾਇਕਾ ਅਲਕਾ ਯਾਗਨਿਕ ਦੀ ਆਵਾਜ਼ ਦਾ ਦੀਵਾਨਾ ਹੈ। ਹਾਲ ਹੀ 'ਚ ਖ਼ਬਰ ਸਾਹਮਣੇ ਆਈ ਹੈ ਕਿ ਗਾਇਕਾ ਇਕ ਦੁਰਲੱਭ ਸਮੱਸਿਆ ਨਾਲ ਪੀੜਤ ਹੈ, ਜਿਸ ਬਾਰੇ ਉਸ ਨੇ ਖੁਦ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦੇ ਹੋਏ ਕਿਹਾ ਹੈ ਕਿ ਹੁਣ ਉਹ ਸੁਣਨ ਤੋਂ ਅਸਮਰੱਥ ਹੈ।ਅਲਕਾ ਨੇ ਲਿਖਿਆ-ਜਦੋਂ ਮੈਂ ਫਲਾਈਟ ਤੋਂ ਉਤਰ ਰਹੀ ਸੀ, ਤਾਂ ਮੈਨੂੰ ਅਚਾਨਕ ਮਹਿਸੂਸ ਹੋਇਆ ਕਿ ਮੈਨੂੰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਹੈ। ਇਸ ਘਟਨਾ ਤੋਂ ਬਾਅਦ ਕੁਝ ਹਫ਼ਤਿਆਂ 'ਚ ਹਿੰਮਤ ਇਕੱਠੀ ਕਰਨ ਤੋਂ ਬਾਅਦ, ਮੈਂ ਹੁਣ ਆਪਣੇ ਦੋਸਤਾਂ ਅਤੇ ਸ਼ੁਭਚਿੰਤਕਾਂ ਦੀ ਖ਼ਾਤਰ ਇਸ ਮਾਮਲੇ 'ਤੇ ਆਪਣੀ ਚੁੱਪ ਤੋੜਨਾ ਚਾਹੁੰਦੀ ਹਾਂ ਜੋ ਮੈਨੂੰ ਲਗਾਤਾਰ ਪੁੱਛ ਰਹੇ ਹਨ ਕਿ ਮੈਂ ਕਿੱਥੇ ਗੁੰਮ ਹੋ ਗਈ ਹਾਂ।

ਸਿੰਗਰ ਨੇ ਅੱਗੇ ਕਿਹਾ- 'ਮੇਰੇ ਡਾਕਟਰਾਂ ਨੇ ਮੇਰੀ ਇੱਕ ਦੁਰਲੱਭ ਸੰਵੇਦੀ ਨਸਾਂ ਦੀ ਸੁਣਨ ਸ਼ਕਤੀ ਦੇ ਨੁਕਸਾਨ ਦਾ ਪਤਾ ਲਗਾਇਆ ਹੈ, ਜੋ ਕਿ ਵਾਇਰਲ ਅਟੈਕ ਕਾਰਨ ਹੋਇਆ ਹੈ। ਇਸ ਅਚਾਨਕ ਵੱਡੇ ਝਟਕੇ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ। ਮੈਂ ਉਸਨੂੰ ਸਵੀਕਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਇਸ ਦੌਰਾਨ, ਕਿਰਪਾ ਕਰਕੇ ਮੈਨੂੰ ਆਪਣੀਆਂ ਪ੍ਰਾਰਥਨਾਵਾਂ 'ਚ ਯਾਦ ਰੱਖੋ।ਪ੍ਰਸ਼ੰਸਕਾਂ ਅਤੇ ਆਪਣੇ ਸਾਥੀ ਗਾਇਕਾਂ ਨੂੰ ਸਲਾਹ ਦਿੰਦੇ ਹੋਏ ਅਲਕਾ ਨੇ ਕਿਹਾ- 'ਮੈਂ ਆਪਣੇ ਪ੍ਰਸ਼ੰਸਕਾਂ ਅਤੇ ਨੌਜਵਾਨ ਸਾਥੀਆਂ ਨੂੰ ਹੈੱਡਫੋਨ ਅਤੇ ਉੱਚੀ ਆਵਾਜ਼ ਦੇ ਸੰਗੀਤ ਨੂੰ ਲੈ ਕੇ ਚੇਤਾਵਨੀ ਦੇਣਾ ਚਾਹੁੰਦੀ ਹਾਂ। ਕਿਸੇ ਦਿਨ ਮੈਂ ਆਪਣੀ ਪੇਸ਼ੇਵਰ ਜ਼ਿੰਦਗੀ ਨਾਲ ਸਿਹਤ ਨੂੰ ਹੋਣ ਵਾਲੇ ਨੁਕਸਾਨ ਬਾਰੇ ਜ਼ਰੂਰ ਗੱਲ ਕਰਾਂਗੀ। ਤੁਹਾਡੇ ਸਾਰੇ ਪਿਆਰ ਅਤੇ ਸਮਰਥਨ ਨਾਲ, ਮੈਂ ਆਪਣੀ ਜ਼ਿੰਦਗੀ ਨੂੰ ਪਟੜੀ 'ਤੇ ਵਾਪਸ ਲਿਆਉਣ ਦੀ ਉਮੀਦ ਕਰਦੀ ਹਾਂ ਅਤੇ ਜਲਦੀ ਹੀ ਤੁਹਾਨੂੰ ਦੁਬਾਰਾ ਮਿਲਣ ਦੀ ਉਮੀਦ ਕਰਦੀ ਹਾਂ। ਇਸ ਨਾਜ਼ੁਕ ਸਮੇਂ ਵਿੱਚ ਤੁਹਾਡਾ ਸਮਰਥਨ ਅਤੇ ਸਮਝ ਮੇਰੇ ਲਈ ਬਹੁਤ ਮਾਇਨੇ ਰੱਖਦੀ ਹੈ।ਤੁਹਾਨੂੰ ਦੱਸ ਦੇਈਏ ਕਿ ਅਲਕਾ ਨੇ 25 ਤੋਂ ਵੱਧ ਭਾਸ਼ਾਵਾਂ 'ਚ 21 ਹਜ਼ਾਰ ਤੋਂ ਵੱਧ ਗੀਤ ਰਿਕਾਰਡ ਕੀਤੇ ਹਨ। ਗਾਇਕ ਦੋ ਵਾਰ ਨੈਸ਼ਨਲ ਐਵਾਰਡ ਵੀ ਜਿੱਤ ਚੁੱਕੀ ਹੈ। 2022 'ਚ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਸ ਨੇ ਉਸ ਨੂੰ ਦੁਨੀਆ ਭਰ 'ਚ ਸਭ ਤੋਂ ਵੱਧ ਸਟ੍ਰੀਮ ਕੀਤੇ ਕਲਾਕਾਰ ਵਜੋਂ ਮਾਨਤਾ ਦਿੱਤੀ।

# ਵਿਆਹ ਤੋਂ ਪਹਿਲਾਂ ਹੀ ਸੋਨਾਕਸ਼ੀ ਸਿਨ੍ਹਾ ਨੇ ਛੱਡਿਆ ਪਿਓ ਸ਼ਤਰੂਘਨ ਦਾ ਘਰ, ਪਹੁੰਚੀ ਸਹੁਰੇ ਘਰ



ਬਾਲੀਵੁੱਡ ਅਦਾਕਾਰਾ ਸੋਨਾਕਸ਼ੀ ਸਿਨ੍ਹਾ 23 ਜੂਨ ਨੂੰ ਆਪਣੇ ਬੁਆਏਫਰੈਂਡ ਜ਼ਹੀਰ ਇਕਬਾਲ ਨਾਲ ਵਿਆਹ ਕਰਨ ਜਾ ਰਹੀ ਹੈ। ਹਾਲਾਂਕਿ ਦੋਹਾਂ ਨੇ ਵਿਆਹ ਦੀਆਂ ਖ਼ਬਰਾਂ 'ਤੇ ਚੁੱਪੀ ਧਾਰੀ ਹੋਈ ਹੈ ਪਰ ਜ਼ਹੀਰ-ਸੋਨਾਕਸ਼ੀ ਦੇ ਵਿਆਹ ਦਾ ਕਾਰਡ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਮਗਰੋਂ ਹਰ ਪਾਸੇ ਤਹਿਲਕਾ ਮੱਚ ਗਿਆ ਪਰ ਵਿਆਹ ਤੋਂ ਪਹਿਲਾਂ ਹੀ ਸੋਨਾਕਸ਼ੀ ਨੂੰ ਆਪਣੇ ਸਹੁਰੇ ਪਰਿਵਾਰ ਨਾਲ ਮਸਤੀ ਕਰਦੇ ਹੋਏ ਵੇਖਿਆ ਗਿਆ। ਦੱਸ ਦਈਏ ਕਿ ਸੋਨਾਕਸ਼ੀ ਦੀਆਂ ਸਹੁਰੇ ਪਰਿਵਾਰ ਨਾਲ ਮਸਤੀ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀਆਂ ਹਨ। ਦਰਅਸਲ, ਜ਼ਹੀਰ ਇਕਬਾਲ ਦੀ ਭੈਣ ਸਨਮ ਰਤਨਾਸੀ ਨੇ ਸੋਸ਼ਲ ਮੀਡੀਆ 'ਤੇ ਇਕ ਤਸਵੀਰ ਸ਼ੇਅਰ ਕੀਤੀ ਹੈ। ਇਸ ਤਸਵੀਰ 'ਚ ਸੋਨਾਕਸ਼ੀ ਆਪਣੇ ਹੋਣ ਵਾਲੇ ਸਹੁਰੇ, ਸੱਸ ਅਤੇ ਨਨਾਣ ਨਾਲ ਨਜ਼ਰ ਆ ਰਹੀ ਹੈ। ਸੋਨਾਕਸ਼ੀ ਗੁਲਾਬੀ ਰੰਗ ਦੇ ਕੋ-ਆਰਡ ਸੈੱਟ 'ਚ ਆਪਣੇ ਹੋਣ ਵਾਲੇ ਸਹੁਰੇ ਦੇ ਕੋਲ ਖੜ੍ਹੀ ਮੁਸਕਰਾਉਂਦੀ ਦਿਖਾਈ ਦੇ ਰਹੀ ਹੈ। ਤਸਵੀਰ 'ਚ ਵਿਆਹ ਤੋਂ ਪਹਿਲਾਂ ਹੀ ਸੋਨਾਕਸ਼ੀ ਦਾ ਆਪਣੇ ਸਹੁਰੇ ਪਰਿਵਾਰ ਨਾਲ ਖਾਸ ਬੌਂਡਿੰਗ ਨਜ਼ਰ ਆ ਰਹੀ ਹੈ।ਦੱਸਣਯੋਗ ਹੈ ਕਿ ਸੋਨਾਕਸ਼ੀ ਸਿਨ੍ਹਾ ਦੇ ਹੋਣ ਵਾਲੇ ਪਤੀ ਜ਼ਹੀਰ ਇਕਬਾਲ ਇਕ ਕਾਰੋਬਾਰੀ ਪਰਿਵਾਰ ਨਾਲ ਸਬੰਧ ਰੱਖਦੇ ਹਨ। ਜ਼ਹੀਰ ਦੇ ਪਿਤਾ ਇਕਬਾਲ ਰਤਨਸੀ ਇੱਕ ਗਹਿਣਾ ਅਤੇ ਕਾਰੋਬਾਰੀ ਹਨ। ਉਸ ਦੀ ਮਾਂ ਘਰ ਬਣਾਉਣ ਵਾਲੀ ਹੈ। ਜ਼ਹੀਰ ਦਾ ਛੋਟਾ ਭਰਾ ਕੰਪਿਊਟਰ ਇੰਜੀਨੀਅਰ ਹੈ। ਅਦਾਕਾਰਾ ਦੀ ਭੈਣ ਸਨਮ ਇੱਕ ਮਸ਼ਹੂਰ ਸਟਾਈਲਿਸਟ ਹੈ। ਸਨਮ ਨੇ ਹੀਰਾਮੰਡੀ 'ਚ ਸੋਨਾਕਸ਼ੀ ਦੀ ਸਟਾਈਲਿੰਗ ਕੀਤੀ ਸੀ।

# ਦਲਜੀਤ ਦੀ ਵਿਆਹੁਤਾ ਜ਼ਿੰਦਗੀ 'ਚ ਚੱਲ ਰਹੇ ਕਲੇਸ਼ ਵਿਚਾਲੇ ਕਰਿਸ਼ਮਾ ਤੰਨਾ ਦੀ ਪੋਸਟ ਵਾਇਰਲ



ਇੰਨੀਂ ਦਿਨੀਂ ਟੀ. ਵੀ. ਅਦਾਕਾਰਾ ਦਲਜੀਤ ਕੌਰ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ 'ਚ ਛਾਈ ਹੋਈ ਹੈ। ਇਨ੍ਹੀਂ ਦਿਨੀ ਅਦਾਕਾਰਾ ਆਪਣੇ ਦੂਜੇ ਵਿਆਹ ਨੂੰ ਲੈ ਕੇ ਕਾਫ਼ੀ ਚਿੰਤਤ ਹੈ। ਦਲਜੀਤ ਕੌਰ ਵਿਆਹ ਦੇ 8 ਮਹੀਨੇ ਬਾਅਦ ਹੀ ਆਪਣੇ ਪਤੀ ਤੋਂ ਵੱਖ ਹੋ ਗਈ ਹੈ। ਸਾਲ 2023 'ਚ ਦਲਜੀਤ ਕੌਰ ਨੇ ਕੀਨੀਆ ਦੇ ਕਾਰੋਬਾਰੀ ਨਿਖਿਲ ਪਟੇਲ ਨਾਲ ਵਿਆਹ ਕਰਵਾਇਆ ਸੀ ਪਰ ਵਿਆਹ ਦੇ ਕੁਝ ਮਹੀਨਿਆਂ ਬਾਅਦ ਹੀ ਉਨ੍ਹਾਂ ਦੇ ਰਿਸ਼ਤੇ 'ਚ ਪਰੇਸ਼ਾਨੀਆਂ ਸ਼ੁਰੂ ਹੋ ਗਈਆਂ।ਦਲਜੀਤ ਕੌਰ ਨੇ ਆਪਣੇ ਪਤੀ ਨਿਖਿਲ ਪਟੇਲ 'ਤੇ ਉਸ ਨਾਲ ਧੋਖਾਧੜੀ ਕਰਨ ਅਤੇ ਵਾਧੂ ਵਿਆਹੁਤਾ ਸਬੰਧ ਰੱਖਣ ਦੇ ਦੋਸ਼ ਲਾਏ ਸਨ। ਨਿਖਿਲ ਪਟੇਲ ਨੇ ਦਲਜੀਤ ਕੌਰ ਦੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਗ਼ਲਤ ਕਰਾਰ ਦਿੱਤਾ ਸੀ। ਹੁਣ ਦਲਜੀਤ ਕੌਰ ਨੇ ਕਾਰੋਬਾਰੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਲੜਾਈ 'ਚ ਉਸ ਦੀ ਸਹੇਲੀ ਅਤੇ ਅਦਾਕਾਰਾ ਕਰਿਸ਼ਮਾ ਤੰਨਾ ਉਸ ਦੇ ਸਮਰਥਨ 'ਚ ਸਾਹਮਣੇ ਆਈ ਅਤੇ ਨਿਖਿਲ ਪਟੇਲ 'ਤੇ ਆਪਣੇ ਦੋਸਤ ਨੂੰ ਧੋਖਾ ਦੇਣ 'ਤੇ ਕਾਫ਼ੀ ਗੁੱਸਾ ਜ਼ਾਹਰ ਕੀਤਾ। ਕਰਿਸ਼ਮਾ ਤੰਨਾ ਨੇ ਆਪਣੇ ਇੰਸਟਾਗ੍ਰਾਮ 'ਤੇ ਦਲਜੀਤ ਕੌਰ ਦੁਆਰਾ ਲਗਾਏ ਗਏ ਧੋਖਾਧੜੀ ਦੇ ਦੋਸ਼ਾਂ ਨੂੰ ਦੁਬਾਰਾ ਪੋਸਟ ਕੀਤਾ ਅਤੇ ਲਿਖਿਆ, ''ਜੋ ਹੋਇਆ ਉਹ ਨਹੀਂ ਹੋਣਾ ਚਾਹੀਦਾ ਸੀ!!!! ਮੇਰਾ ਪੂਰਾ ਸਹਿਯੋਗ ਮੇਰੀ ਪਿਆਰੀ ਸਹੇਲੀ ਦਲਜੀਤ ਕੌਰ ਨਾਲ ਹੈ। ਇਸ ਆਦਮੀ ਨੇ ਉਸ ਨਾਲ ਗ਼ਲਤ ਕੀਤਾ ਹੈ ਅਤੇ ਮੈਂ ਅੰਤ ਤੱਕ ਉਸ ਨਾਲ ਖੜ੍ਹਾ ਰਹਾਂਗੀ। ਮਜ਼ਬੂਤ ਔਰਤਾਂ ਬਦਲਾ ਨਹੀਂ ਲੈਂਦੀਆਂ, ਉਹ ਅੱਗੇ ਵਧਦੀਆਂ ਹਨ ਅਤੇ ਕਰਮ ਨੂੰ ਕੰਮ ਕਰਨ ਦਿੰਦੀਆਂ ਹਨ।'' ਦੱਸਣਯੋਗ ਹੈ ਕਿ ਦਲਜੀਤ ਕੌਰ ਨੇ ਨਿਖਿਲ ਪਟੇਲ ਨਾਲ ਦੂਜਾ ਵਿਆਹ ਕੀਤਾ ਸੀ। ਨਿਖਿਲ ਨੇ ਆਪਣੇ ਵਿਆਹ ਬਾਰੇ ਇੱਥੋਂ ਤੱਕ ਕਿਹਾ ਸੀ ਕਿ ਉਨ੍ਹਾਂ ਦਾ ਅਤੇ ਦਲਜੀਤ ਦਾ ਵਿਆਹ ਹਿੰਦੂ ਰੀਤੀ-ਰਿਵਾਜਾਂ ਮੁਤਾਬਕ ਹੋਇਆ ਸੀ ਅਤੇ ਕਾਨੂੰਨੀ ਤੌਰ 'ਤੇ ਰਜਿਸਟਰਡ ਨਹੀਂ ਸੀ। ਕੁਝ ਸਮਾਂ ਪਹਿਲਾਂ ਨਿਖਿਲ ਪਟੇਲ ਨੇ ਦਲਜੀਤ ਕੌਰ ਨੂੰ ਨੋਟਿਸ ਭੇਜ ਕੇ ਉਸ ਦਾ ਸਾਰਾ ਸਮਾਨ ਕੀਨੀਆ ਤੋਂ ਲੈ ਜਾਣ ਲਈ ਕਿਹਾ ਸੀ। ਉਸ ਨੇ ਕਿਹਾ ਸੀ ਕਿ ਦਲਜੀਤ ਆਪਣਾ ਸਾਰਾ ਸਮਾਨ ਲੈ ਲਵੇ ਨਹੀਂ ਤਾਂ ਉਹ ਦਾਨ ਕਰ ਦੇਵੇਗਾ। ਹੁਣ ਦਲਜੀਤ ਨੇ ਕੀਨੀਆ ਦੀ ਅਦਾਲਤ 'ਚ ਉਸ ਖ਼ਿਲਾਫ਼ ਕੇਸ ਦਾਇਰ ਕੀਤਾ ਹੈ। ਦਲਜੀਤ ਕੌਰ ਕੀਨੀਆ ਤੋਂ ਵਾਪਸ ਆ ਗਈ ਹੈ ਅਤੇ ਉਸ ਨੇ ਅਪਡੇਟ ਕੀਤਾ ਹੈ ਕਿ ਨਿਖਿਲ ਆਪਣਾ ਸਮਾਨ ਨਹੀਂ ਕੱਢ ਸਕਦਾ। ਉਸ ਨੇ ਕੀਨੀਆ ਦੀ ਅਦਾਲਤ ਤੋਂ ਇਸ 'ਤੇ ਸਟੇਅ ਲੈ ਲਿਆ ਹੈ। ਇਹ ਦਲਜੀਤ ਲਈ ਇੱਕ ਨਵੀਂ ਲੜਾਈ ਦੀ ਸ਼ੁਰੂਆਤ ਹੈ।

# ਗਾਇਕ ਜਸਬੀਰ ਜੱਸੀ ਨੇ ਮੁਸਲਿਮ ਭਾਈਚਾਰੇ ਦੇ ਤਿਉਹਾਰ 'ਈਦ ਉਲ ਅਜ਼ਹਾ' ਨੂੰ ਇੰਝ ਕੀਤਾ ਸੈਲੀਬ੍ਰੇਟ



ਈਦ ਉਲ ਅਜ਼ਹਾ ਦਾ ਤਿਉਹਾਰ ਮੁਸਲਿਮ ਭਾਈਚਾਰੇ 'ਚ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਦਿਨ ਮੁਸਲਮਾਨ ਬੱਕਰੇ ਦੀ ਬਲੀ ਦਿੰਦੇ ਹਨ ਅਤੇ ਜੀਵਨ 'ਚ ਬਰਕਤਾਂ ਅਤੇ ਖੁਸ਼ਹਾਲੀ ਲਈ ਅੱਲ੍ਹਾ ਦਾ ਧੰਨਵਾਦ ਕਰਦੇ ਹਨ। ਇਸ ਖ਼ਾਸ ਮੌਕੇ 'ਤੇ ਬਾਲੀਵੁੱਡ ਤੋਂ ਲੈ ਕੇ ਟੀਵੀ ਤੱਕ ਦੇ ਸਾਰੇ ਸਿਤਾਰੇ ਪ੍ਰਸ਼ੰਸਕਾਂ ਨੂੰ ਈਦ ਮੁਬਾਰਕ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਥੇ ਹੀ ਪੰਜਾਬੀ ਗਾਇਕ ਜਸਬੀਰ ਜੱਸੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਨੂੰ ਸਾਂਝਾ ਕਰਦਿਆਂ ਜਸਬੀਰ ਜੱਸੀ ਨੇ ਫੈਨਜ਼ ਨੂੰ ਈਦ ਉਲ ਅਜ਼ਹਾ ਦੀਆਂ ਵਧਾਈਆਂ ਦਿੱਤੀਆਂ।ਦੱਸ ਦਈਏ ਕਿ ਕੁਝ ਹਫ਼ਤੇ ਪਹਿਲਾਂ ਚੰਡੀਗੜ੍ਹ ਦੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਸੀ. ਆਈ. ਐੱਸ. ਐੱਫ. ਦੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਨੇ ਚੈਕਿੰਗ ਦੌਰਾਨ ਥੱਪੜ ਮਾਰ ਦਿੱਤਾ ਗਿਆ ਸੀ। ਉਥੇ ਹੀ ਇਸ ਮਾਮਲੇ ਨੂੰ ਲੈ ਕੇ ਪੰਜਾਬੀ ਕਲਾਕਾਰਾਂ ਵਲੋਂ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਦੀ ਰੱਜ ਕੇ ਤਾਰੀਫ਼ ਕੀਤੀ ਗਈ ਸੀ। ਉਥੇ ਹੀ ਜਸਬੀਰ ਜੱਸੀ ਵਲੋਂ ਕੰਗਨਾ ਦੇ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਆਪਣੇ ਆਪਣੇ ਐਕਸ ਟਵਿੱਟਰ 'ਤੇ ਲਿਖਿਆ ਸੀ, 'ਬੀਬੀ ਥੱਪੜ ਅੱਤਵਾਦ ਨਹੀਂ ਹੁੰਦਾ, ਜ਼ਿੰਮੇਦਾਰੀ ਵੱਡੀ ਏ ਅਜੇ ਵੀ ਸੋਚ ਕੇ ਬੋਲ। ਇਸ ਦੇ ਨਾਲ ਹੀ ਜੱਸੀ ਨੇ ਹੱਥ ਜੋੜਨ ਵਾਲਾ ਇਮੋਜ਼ੀ ਬਣਾਇਆ ਹੈ।''ਵਰਕਫਰੰਟ ਦੀ ਗੱਲ ਕਰੀਏ ਤਾਂ ਜਸਬੀਰ ਜੱਸੀ ਆਪਣੇ ਸੋਸ਼ਲ ਮੀਡੀਆ 'ਤੇ ਹਮੇਸ਼ਾ ਸਰਗਰਮ ਰਹਿੰਦੇ ਹਨ। ਉਹ ਆਪਣੀਆਂ ਤਸਵੀਰਾਂ ਅਤੇ ਵੀਡੀਓਜ਼ ਸ਼ੇਅਰ ਕਰਨ ਦੇ ਨਾਲ-ਨਾਲ ਹਰ ਮੁੱਦੇ 'ਤੇ ਖੁੱਲ੍ਹ ਕੇ ਵਿਚਾਰ ਰੱਖਦੇ ਹਨ। ਕਲਾਕਾਰ ਦਾ ਕੁਝ ਮਹੀਨੇ ਪਹਿਲਾਂ ਮਜ਼ਾਰਾਂ 'ਤੇ ਗਾਉਣ ਵਾਲਿਆਂ ਖ਼ਿਲਾਫ ਬਿਆਨ ਖੂਬ ਸੁਰਖੀਆਂ 'ਚ ਰਿਹਾ, ਜਿਸ ਤੋਂ ਬਾਅਦ ਕਈ ਲੋਕਾਂ ਨੂੰ ਜਸਬੀਰ ਜੱਸੀ ਦੀ ਇਹ ਗੱਲ ਪਸੰਦ ਨਹੀਂ ਆਈ ਅਤੇ ਕੁਝ ਨੇ ਉਨ੍ਹਾਂ ਦੀ ਗੱਲ ਨੂੰ ਸਹੀ ਦੱਸਿਆ।

# ਗਾਇਕਾ ਗਗਨ ਮਾਨ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਸਾਂਝੀ ਕੀਤੀ ਖ਼ੁਸ਼ੀ



ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਸ਼ਹਿਬਾਜ਼ ਸਿੰਘ ਸੋਹੀ ਨਾਲ ਵਿਆਹ ਤੋਂ ਬਾਅਦ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਆਪਣੀ ਖ਼ੁਸ਼ੀ ਸਾਂਝੀ ਕੀਤੀ ਹੈ। ਉਨ੍ਹਾਂ ਨੇ ਪੋਸਟ 'ਚ ਲਿਖਿਆ ਹੈ, ''ਸ. ਸ਼ਹਿਬਾਜ਼ ਸਿੰਘ ਸੋਹੀ ਜੀ ਨੂੰ ਮੇਰੀ ਜ਼ਿੰਦਗੀ ਦੇ ਪੰਨਿਆਂ ਵਿਚ ਜੀਵਨ ਸਾਥੀ ਦੇ ਰੂਪ ਵਿਚ ਲਿਖਣ ਲਈ ਵਾਹਿਗੁਰੂ ਜੀ ਦਾ ਦਿਲੋਂ ਧੰਨਵਾਦ ਕਰਦੀ ਹਾਂ। ਇਸ ਮੋਹ ਭਰੇ ਪਰਿਵਾਰ ਵਿਚ ਆਉਣਾ ਸਤਿਗੁਰੂ ਜੀ ਦੀ ਰਹਿਮਤ ਸਦਕਾ ਹੈ। ਜ਼ਿੰਦਗੀ ਦੀ ਹਰ ਦੁੱਖ-ਸੁੱਖ ਦੀ ਘੜੀ ਵਿਚ ਮੇਰੇ ਸਿਰ 'ਤੇ ਜਿਵੇਂ ਹੱਥ ਰੱਖਿਆ, ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਵਿਆਹੁਤਾ ਜੀਵਨ ਨੂੰ ਚਲਾਉਣ ਲਈ ਵੀ ਉਸੇ ਤਰ੍ਹਾਂ ਸੋਝੀ ਬਖ਼ਸ਼ਣ।'' ਦੱਸਣਯੋਗ ਹੈ ਕਿ ਅਨਮੋਲ ਗਗਨ ਮਾਨ ਨਾ ਸਿਰਫ਼ ਇੱਕ ਡਾਂਸਰ ਅਤੇ ਗਾਇਕ ਸਗੋਂ ਇੱਕ ਵਧੀਆ ਸੰਗੀਤਕਾਰ, ਕਵਿਤਾ-ਲੇਖਕ ਅਤੇ ਗੀਤਕਾਰ ਵੀ ਹੈ। ਉਨ੍ਹਾਂ ਨੇ ਸਾਲ 2013 'ਚ 'ਮਿਸ ਵਰਲਡ ਪੰਜਾਬਣ' 'ਚ ਮਿਸ ਮੋਹਾਲੀ ਪੰਜਾਬਣ ਦਾ ਤਾਜ ਵੀ ਜਿੱਤਿਆ ਸੀ।ਇਸ ਤੋਂ ਬਾਅਦ ਗਾਇਕੀ ਵੱਲ ਰੁੱਖ ਕਰਦੇ ਹੋਏ ਅਨਮੋਲ ਗਗਨ ਮਾਨ ਨੇ 2014 'ਚ ਡੈਬਿਊ ਗੀਤ 'ਰੋਇਲ ਜੱਟੀ' ਨਾਲ ਸੰਗੀਤ ਜਗਤ 'ਚ ਕਦਮ ਰੱਖਿਆ। 'ਕੁੰਡੀ ਮੁੱਛ', 'ਕਾਲਾ ਸ਼ੇਰ', 'ਪਤੰਦਰ' ਸਣੇ ਕਈ ਗੀਤਾਂ ਨਾਲ ਅਨਮੋਲ ਦੇ ਪੰਜਾਬੀਆਂ ਵਿਚਾਲੇ ਖੂਬ ਨਾਂ ਖੱਟਿਆ।ਦੱਸ ਦੇਈਏ ਅਨਮੋਲ ਗਗਨ ਮਾਨ ਦਾ ਪਰਿਵਾਰ ਮੂਲ ਤੌਰ 'ਤੇ ਮਾਨਸਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਹਾਲਾਂਕਿ ਉਨ੍ਹਾਂ ਦਾ ਜ਼ਿਆਦਾਤਰ ਸਮਾਂ ਚੰਡੀਗੜ੍ਹ ਅਤੇ ਮੋਹਾਲੀ 'ਚ ਹੀ ਬੀਤਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਪੜ੍ਹਾਈ ਚੰਡੀਗੜ੍ਹ ਤੋਂ ਕੀਤੀ। ਇਸ ਤੋਂ ਬਾਅਦ ਉਹ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਆਈ। ਉਨ੍ਹਾਂ ਨੇ ਇੱਕ ਤੋਂ ਬਾਅਦ ਇੱਕ ਕਈ ਪੰਜਾਬੀ ਐਲਬਮਾਂ 'ਚ ਕੰਮ ਕੀਤਾ। ਇਸ ਦੇ ਨਾਲ ਹੀ ਪੰਜਾਬੀ ਮਿਊਜ਼ਿਕ ਇੰਡਸਟਰੀ ਅਤੇ ਸਿਆਸਤ ਦੇ ਖੇਤਰ ਦੀਆਂ ਕਈ ਮਸ਼ਹੂਰ ਹਸਤੀਆਂ ਦੇ ਇਸ 'ਚ ਸ਼ਾਮਲ ਹੋਣ ਦੀ ਉਮੀਦ ਹੈ। ਇਸ ਤੋਂ ਬਾਅਦ ਸ਼ਾਮ ਪੰਜ ਵਜੇ ਡੋਲੀ ਰਵਾਨਾ ਹੋਵੇਗੀ। ਅਨਮੋਲ ਗਗਨ ਮਾਨ ਨੇ ਸਾਲ 2022 'ਚ ਪਹਿਲੀ ਵਾਰ ਖਰੜ ਤੋਂ ਵਿਧਾਨ ਸਭਾ ਚੋਣ ਜਿੱਤੀ ਸੀ।

# ਸੁਪਰਸਟਾਰ ਅਕਸ਼ੈ ਕੁਮਾਰ ਦੀ ਫ਼ਿਲਮ 'ਸਿਰਫਿਰਾ' ਦਾ ਦੂਜਾ ਪੋਸਟਰ ਹੋਇਆ ਰਿਲੀਜ਼



ਬਾਲੀਵੁੱਡ ਸੁਪਰਸਟਾਰ ਅਕਸ਼ੈ ਕੁਮਾਰ ਦੀਆਂ ਫਿਲਮਾਂ ਬੈਕ ਟੂ ਬੈਕ ਬਾਕਸ ਆਫਿਸ 'ਤੇ ਫਲਾਪ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਉਸ ਦੀ ਹਾਲ ਹੀ 'ਚ ਰਿਲੀਜ਼ ਹੋਈ ਫ਼ਿਲਮ 'ਬੜੇ ਮੀਆਂ ਛੋਟੇ ਮੀਆਂ ਨੇ ' ਨੇ ਸਿਨੇਮਾਘਰਾਂ 'ਚ ਕੁਸ਼ ਖਾਸ ਕਮਾਲ ਨਹੀਂ ਕੀਤਾ। ਹੁਣ ਅਕਸ਼ੈ ਕੁਮਾਰ ਨੇ ਆਉਣ ਵਾਲੀ ਫ਼ਿਲਮ 'ਸਿਰਫਿਰੇ ' ਨੂੰ ਲੈ ਕੇ ਸੁਰਖੀਆਂ 'ਚ ਬਣੇ ਹੋਏ ਹਨ। 18 ਜੂਨ ਯਾਨੀ ਅੱਜ ਫ਼ਿਲਮ ਦਾ ਟ੍ਰੇਲਰ ਲਾਂਚ ਹੋਣ ਵਾਲਾ ਹੈ। ਟ੍ਰੇਲਰ ਰਿਲੀਜ਼ ਹੋਣ ਤੋਂ ਪਹਿਲਾਂ ਅਕਸ਼ੈ ਕੁਮਾਰ ਨੇ ਫ਼ਿਲਮ 'ਸਿਰਫਿਰਾ' ਦਾ ਨਵਾਂ ਪੋਸਟਰ ਜਾਰੀ ਕਰਕ ਫੈਨਜ਼ ਦੇ ਉਤਸ਼ਾਰ ਨੂੰ ਹੋਰ ਵਧਾ ਦਿੱਤਾ ਹੈ।

ਅਕਸ਼ੈ ਕੁਮਾਰ ਨੇ ਫ਼ਿਲਮ 'ਸਿਰਫਿਰੇ ' ਦਾ ਨਵਾਂ ਪੋਸਟਰ ਸ਼ੇਅਰ ਕਰਦੇ ਹੋਏ ਆਪਣੇ ਐਕਸ ਅਕਾਊਂਟ 'ਤੇ ਲਿਖਿਆ 'ਪਹਿਲਾਂ ਕਦਮ ਆਪਣੇ ਸੁਪਨਿਆਂ ਵੱਲ'। 'ਸਿਰਫਿਰਾ' ਦਾ ਟ੍ਰੇਲਰ ਅੱਜ ਰਿਲੀਜ਼ ਹੋਣ ਜਾ ਰਿਹਾ ਹੈ। 'ਸਿਰਫਿਰਾ' ਫ਼ਿਲਮ 12 ਜੁਲਾਈ ਨੂੰ ਸਿਨਮੇਘਰਾਂ 'ਚ ਰਿਲੀਜ਼ ਹੋਣ ਵਾਲੀ ਹੈ। ਦੱਸ ਦਈਏ ਕਿ ਸਟਾਰਰ ਫ਼ਿਲਮ ਸੁਪਰਸਟਾਰ ਸੂਰਿਆ ਦੀ ਫ਼ਿਲਮ 'ਸੇਰਾਰਈ ਪੋਟਰੂ' ਦਾ ਆਫਿਸ਼ਿਅਲ ਹਿੰਦੀ ਰਿਮੇਕ ਹੈ।ਫ਼ਿਲਮ 'ਸਿਰਫਿਰਾ' 'ਚ ਪਰੇਸ਼ ਰਾਵਲ, ਰਾਧਿਕਾ ਮਦਾਨ ਅਤੇ ਸੀਮਾ ਬਿਸਵਾਸ ਵਰਗੇ ਕਲਾਕਾਰ ਵੀ ਨਜ਼ਰ ਆਉਣਗੇ। ਰਾਸ਼ਟਰੀ ਪੁਰਸਕਾਰ ਜੇਤੂ ਨਿਰਦੇਸ਼ਕ ਸੁਧਾ ਕੋਂਗਾਰਾ ਨੇ ਫ਼ਿਲਮ ਦਾ ਨਿਰਦੇਸ਼ਨ ਕੀਤਾ ਹੈ। ਸੁਧਾ ਅਤੇ ਸ਼ਾਲਿਨੀ ਊਸ਼ਾਦੇਵੀ ਵੱਲੋਂ ਲਿਖਿਤ, ਪੂਜਾ ਤੋਲਾਨੀ ਦੇ ਡਾਇਲੋਗ ਅਤੇ ਜੀ. ਵੀ. ਪ੍ਰਕਾਸ਼ ਕੁਮਾਰ ਦੇ ਮਿਊਜਿਕ ਨਾਲ 'ਸਿਰਫਿਰਾ ' ਦਾ ਨਿਰਮਾਣ ਅਰੁਣਾ ਭਾਟੀਆ (ਕੇਪ ਆਫ ਗੁਡ ਫਿਲਮਸ), ਸਾਊਥ ਸੁਪਰ ਸਟਾਰ ਸੂਰਿਆ ਅਤੇ ਜੋਤਿਕਾ (2ਡੀ ਐਂਟਰਟੇਨਮੈਂਟ) ਤੇ ਬਿਕਰਮ ਮਲਹੋਤਰਾ ਅਬੁੰਦੰਤੀਆ ਐਂਟਰਟੇਨਰ ਵੱਲੋਂ ਕੀਤਾ ਗਿਆ ਹੈ।

# ਸਾਊਥ ਅਦਾਕਾਰਾ ਅਮਲਾ ਪਾਲ ਦੇ ਘਰ ਗੂੰਜੀਆਂ ਬੇਟੇ ਦੀਆਂ ਕਿਲਕਾਰੀਆਂ



ਵਰੁਣ ਧਵਨ ਅਤੇ ਯਾਮੀ ਗੌਤਮ ਤੋਂ ਬਾਅਦ ਹੁਣ ਸਾਊਥ ਦੀ ਮਸ਼ਹੂਰ ਅਦਾਕਾਰਾ ਅਮਲਾ ਪਾਲ ਦੇ ਘਰ ਵੀ ਖੁਸ਼ੀਆਂ ਦਾ ਮਾਹੌਲ ਹੈ। ਅਦਾਕਾਰਾ ਨੇ 11 ਜੂਨ ਨੂੰ ਇੱਕ ਪਿਆਰੇ ਪੁੱਤਰ ਨੂੰ ਜਨਮ ਦਿੱਤਾ, ਜਿਸ ਦਾ ਖੁਲਾਸਾ ਉਸ ਨੇ ਹਾਲ ਹੀ 'ਚ ਕੀਤਾ। ਇਹ ਖੁਸ਼ਖਬਰੀ ਦਿੰਦੇ ਹੋਏ, ਅਮਲਾ ਦੇ ਪਤੀ ਨੇ ਮਾਂ ਅਤੇ ਬੇਟੇ ਦਾ ਇੱਕ ਪਿਆਰਾ ਵੀਡੀਓ ਸਾਂਝਾ ਕੀਤਾ ਅਤੇ ਨਾਲ ਹੀ ਆਪਣੇ ਬੇਟੇ ਦੇ ਨਾਮ ਦਾ ਖੁਲਾਸਾ ਕੀਤਾ। ਇਸ ਵੀਡੀਓ ਨੂੰ ਦੇਖਣ ਤੋਂ ਬਾਅਦ ਪ੍ਰਸ਼ੰਸਕ ਜੋੜੇ ਨੂੰ ਮਾਤਾ-ਪਿਤਾ ਬਣਨ ਲਈ ਵਧਾਈ ਦੇ ਰਹੇ ਹਨ।ਅਮਲਾ ਪਾਲ ਦੇ ਪਤੀ ਜਗਤ ਦੇਸਾਈ ਨੇ ਆਪਣੇ ਨਵਜੰਮੇ ਬੇਟੇ ਅਤੇ ਉਸ ਦੀ ਮਾਂ ਦਾ ਵੀਡੀਓ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝਾ ਕੀਤਾ ਅਤੇ ਕੈਪਸ਼ਨ ਦਿੱਤਾ - 'ਇਹ ਲੜਕਾ ਹੈ! 11.06.2024 ਨੂੰ ਜਨਮੇ ਸਾਡੇ ਛੋਟੇ ਜਿਹੇ ਮਿਰੇਕਲ 'ਇਲਾਈ' ਨੂੰ ਮਿਲੋ। ਕੈਪਸ਼ਨ 'ਚ ਜਗਤ ਨੇ ਦੱਸਿਆ ਕਿ ਉਸ ਨੇ ਆਪਣੇ ਪਿਆਰੇ ਦਾ ਨਾਂ 'ਇਲਾਈ' ਰੱਖਿਆ ਹੈ।ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਪਹਿਲੇ ਬੱਚੇ ਦੀ ਮਾਂ ਬਣਨ ਦੀ ਖੁਸ਼ੀ ਅਮਲਾ ਦੇ ਚਿਹਰੇ 'ਤੇ ਨਜ਼ਰ ਆ ਰਹੀ ਹੈ। ਉਹ ਆਪਣੇ ਪਿਆਰੇ ਨੂੰ ਗੋਦ 'ਚ ਲੈ ਕੇ ਘਰ 'ਚ ਪ੍ਰਵੇਸ਼ ਕਰ ਰਹੀ ਹੈ ਅਤੇ ਘਰ ਨੂੰ ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਗਿਆ ਹੈ। ਜਗਤ ਦੇਸਾਈ ਨੇ ਨਵੀਂ ਮਾਂ ਅਤੇ ਨਵੇਂ ਜਨਮੇ ਬੱਚੇ ਦਾ ਘਰ ਸ਼ਾਨਦਾਰ ਤਰੀਕੇ ਨਾਲ ਸਵਾਗਤ ਕੀਤਾ। ਹਾਲਾਂਕਿ ਅਮਲਾ ਨੇ ਵੀਡੀਓ 'ਚ ਆਪਣੇ ਬੱਚੇ ਦਾ ਚਿਹਰਾ ਨਹੀਂ ਦੱਸਿਆ ਹੈ। ਇਸ ਜੋੜੀ ਦੇ ਇਸ ਵੀਡੀਓ ਨੂੰ ਫੈਨਜ਼ ਕਾਫੀ ਪਸੰਦ ਕਰ ਰਹੇ ਹਨ।ਤੁਹਾਨੂੰ ਦੱਸ ਦੇਈਏ ਕਿ ਅਮਲਾ ਪਾਲ ਨੇ ਨਵੰਬਰ 2023 ਵਿੱਚ ਜਗਤ ਦੇਸਾਈ ਨਾਲ ਵਿਆਹ ਕੀਤਾ ਹੈ। ਅਦਾਕਾਰਾ ਨੇ ਵਿਆਹ ਦੇ ਦੋ ਮਹੀਨੇ ਬਾਅਦ ਹੀ ਆਪਣੇ ਗਰਭਵਤੀ ਹੋਣ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਹੁਣ ਉਹ ਆਪਣੇ ਛੋਟੇ ਰਾਜਕੁਮਾਰ ਦਾ ਸਵਾਗਤ ਕਰਕੇ ਬਹੁਤ ਖੁਸ਼ ਹੈ।

# ਭਾਰਤ ਵਿੱਚ ਪ੍ਰਸਿੱਧ ਦੁਰਗਾ ਮੰਦਰਾਂ ਦਾ ਦੌਰਾ ਕਰਨਾ ਲਾਜ਼ਮੀ ਹੈ

ਦੇਵੀ ਦੁਰਗਾ ਨੂੰ ਸ੍ਰਿਸ਼ਟੀ, ਸੰਭਾਲ ਅਤੇ ਵਿਨਾਸ਼ ਦਾ ਮੂਲ ਕਾਰਨ ਮੰਨਿਆ ਜਾਂਦਾ ਹੈ। ਸ਼ਕਤੀ ਦਾ ਇੱਕ ਸ਼ੁੱਧ ਰੂਪ 'ਸ਼ਕਤੀ', ਉਹ ਬ੍ਰਹਿਮੰਡ ਦੀ ਰੱਖਿਅਕ ਵਜੋਂ ਪ੍ਰਗਟ ਹੁੰਦੀ ਹੈ। ਹਿੰਦੂ ਧਰਮ ਦਾ ਇੱਕ ਮਹੱਤਵਪੂਰਨ ਅਤੇ ਅਨਿੱਖੜਵਾਂ ਅੰਗ, ਦੇਵੀ ਦੁਰਗਾ ਦੀ ਦੇਸ਼ ਭਰ ਵਿੱਚ ਉਸਦੇ ਵੱਖ-ਵੱਖ ਰੂਪਾਂ ਵਿੱਚ ਪੂਜਾ ਕੀਤੀ ਜਾਂਦੀ ਹੈ। ਸ਼ਕਤੀ ਪ੍ਰਾਪਤ ਕਰਨ ਅਤੇ ਇੱਛਾਵਾਂ ਦੀ ਪੂਰਤੀ ਲਈ ਪਰਮ ਆਤਮਾ ਵਜੋਂ ਮਾਨਤਾ ਪ੍ਰਾਪਤ ਦੇਵੀ ਦੀ ਪ੍ਰਾਰਥਨਾ ਕੀਤੀ ਜਾਂਦੀ ਹੈ। ਉੱਤਰੀ ਰਾਜਾਂ ਤੋਂ ਲੈ ਕੇ ਦੱਖਣੀ ਸਿਰੇ ਤੱਕ, ਉਸਦੀ ਆਭਾ ਇਸ ਤਰੀਕੇ ਨਾਲ ਫੈਲੀ ਹੋਈ ਹੈ ਜੋ ਸਮਝ ਤੋਂ ਬਾਹਰ ਹੈ। ਦੇਸ਼ ਭਰ ਵਿੱਚ ਦੇਵੀ ਦੇ ਕਈ ਮੰਦਰ ਦੇਖੇ ਜਾ ਸਕਦੇ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਅਜਿਹੇ ਹਨ ਜਿਨ੍ਹਾਂ ਦੀ ਕੀਮਤ ਦੂਜਿਆਂ ਨਾਲੋਂ ਵੱਧ ਹੈ। ਇਹ ਮੰਦਰ ਜਾਂ ਤਾਂ ਸ਼ਕਤੀ ਪੀਠਾਂ ਦੇ ਰੂਪ ਵਿੱਚ ਹਨ ਜਾਂ ਇਹਨਾਂ ਨਾਲ ਕੋਈ ਮਹੱਤਵਪੂਰਨ ਕਥਾ ਜੁੜੀ ਹੋਈ ਹੈ।





ਵੈਸ਼ਨੋ ਦੇਵੀ ਭਾਰਤ ਵਿੱਚ ਸਭ ਤੋਂ ਪ੍ਰਸਿੱਧ ਦੁਰਗਾ ਮੰਦਰ ਹੈ। ਇਹ ਤ੍ਰਿਕੁਟਾ ਪਹਾੜ ਦੇ ਵਿਚਕਾਰ ਸਥਿਤ ਹੈ, ਜੋ ਕਿ ਜੰਮੂ ਤੋਂ 61 ਕਿਲੋਮੀਟਰ ਉੱਤਰ ਵੱਲ ਸਮੁੰਦਰ ਤਲ ਤੋਂ 1584 ਮੀਟਰ ਦੀ ਉਚਾਈ 'ਤੇ ਹੈ। ਜਿੱਥੋਂ ਤੱਕ ਦੰਤਕਥਾ ਜਾਂਦੀ ਹੈ ਵੈਸ਼ਨੋ ਦੇਵੀ ਭਗਵਾਨ ਵਿਸ਼ਨੂੰ ਦੀ ਇੱਕ ਸ਼ਰਧਾਲੂ ਸੀ, ਇਸ ਲਈ ਉਸਨੇ ਬ੍ਰਹਮਚਾਰੀ ਦਾ ਅਭਿਆਸ ਕੀਤਾ। ਹਾਲਾਂਕਿ, ਭੈਰੋ ਨਾਥ- ਜੋ ਇੱਕ ਤਾਂਤਰਿਕ ਸੀ, ਨੇ ਦੇਵੀ ਦਾ ਪਿੱਛਾ ਕੀਤਾ ਅਤੇ ਤ੍ਰਿਕੁਟਾ ਪਹਾੜ ਤੱਕ ਪਹੁੰਚਾਇਆ। ਭੈਰੋ ਨਾਥ ਤੋਂ ਆਪਣੇ ਆਪ ਨੂੰ ਬਚਾਉਣ ਲਈ ਦੇਵੀ ਨੇ ਗੁਫਾ ਵਿੱਚ ਸ਼ਰਨ ਲਈ ਅਤੇ ਦੈਂਤ ਦੇਵਤਾ ਲਗਭਗ 9 ਮਹੀਨਿਆਂ ਤੱਕ ਉਸ ਨੂੰ ਨਹੀਂ ਲੱਭ ਸਕਿਆ। ਵੈਸ਼ਨੋ ਦੇਵੀ ਨੇ ਫਿਰ ਕਾਲੀ ਦਾ ਰੂਪ ਲੈ ਕੇ ਭੈਰੋ ਨਾਥ ਦਾ ਸਿਰ ਵੱਢ ਦਿੱਤਾ। ਉਹ ਗੁਫਾ ਜਿੱਥੇ ਦੇਵੀ ਛੁਪੀ ਹੋਈ ਸੀ ਹੁਣ ਇੱਕ ਪ੍ਰਸਿੱਧ ਤੀਰਥ ਸਥਾਨ ਹੈ ਅਤੇ ਇਸਨੂੰ ਗਰਭ ਜੂਨ ਕਿਹਾ ਜਾਂਦਾ ਹੈ। ਵੈਸ਼ਨੋ ਦੇਵੀ ਸਾਰੇ ਸਾਲ ਤੱਕ ਪਹੁੰਚਯੋਗ ਹੈ; ਹਾਲਾਂਕਿ, ਸਰਦੀਆਂ ਦੇ ਮਹੀਨੇ ਦੌਰੇ ਲਈ ਮੁਕਾਬਲਤਨ ਮੁਸ਼ਕਲ ਹੁੰਦੇ ਹਨ।

ਯਾਤਰਾ: ਯਾਤਰਾ ਕਟੜਾ ਤੋਂ ਸ਼ੁਰੂ ਹੁੰਦੀ ਹੈ ਅਤੇ ਸ਼ਰਧਾਲੂਆਂ ਨੂੰ ਦਰਬਾਰ ਤੱਕ ਪਹੁੰਚਣ ਲਈ 13 ਕਿਲੋਮੀਟਰ ਦੀ ਦੂਰੀ ਪੈਦਲ ਤੈਅ ਕਰਨੀ ਪੈਂਦੀ ਹੈ। ਕਟੜਾ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ, ਬਾਣਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਸਥਾਨ ਹੈ, ਜਿੱਥੇ ਦੇਵੀ ਆਪਣੀ ਪਿਆਸ ਬੁਝਾਉਂਦੀ ਹੈ ਅਤੇ ਇੱਥੋਂ 6 ਕਿਲੋਮੀਟਰ 'ਤੇ ਅਰਧਕੁਵਾਰੀ ਦੀ ਪਵਿੱਤਰ ਗੁਫਾ ਹੈ, ਜਿੱਥੇ ਇਹ ਮੰਨਿਆ ਜਾਂਦਾ ਹੈ ਕਿ ਦੇਵੀ ਨੇ 9 ਮਹੀਨਿਆਂ ਤੱਕ ਸਿਮਰਨ ਕੀਤਾ ਸੀ।

ਮਨਸਾ ਦੇਵੀ ਮੰਦਿਰ ਹਰਿਦੁਆਰ ਦੇ ਨੇੜੇ ਸਾਦੁਲਪੁਰ-ਮਲਸੀਸਰ-ਝੁੰਝਨੂ ਰੋਡ 'ਤੇ ਪਿੰਡ ਮਾੜੀ ਲੰਬੋਰ (ਲੰਬੋਰ ਧਾਮ) ਵਿੱਚ ਸਥਿਤ ਹੈ। ਮਨਸਾ ਦੇਵੀ ਮੰਦਰ ਦਾ ਨਾਮ ਇਸ ਵਿਸ਼ਵਾਸ ਤੋਂ ਪਿਆ ਹੈ ਕਿ ਦੇਵੀ ਆਪਣੇ ਸ਼ਰਧਾਲੂਆਂ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਦੀ ਹੈ। ਮੰਦਰ ਦੇ ਪਿੱਛੇ ਦੀ ਕਥਾ ਇਹ ਹੈ ਕਿ ਦੇਵੀ ਨੇ ਹਮੀਰਵਾਸੀਆ ਪਰਿਵਾਰ ਦੇ ਮੁਖੀ ਸੇਠ ਸੂਰਜਮਲਜੀ ਦੇ ਸੁਪਨੇ ਵਿੱਚ ਪ੍ਰਗਟ ਕੀਤਾ ਅਤੇ ਉਸਨੂੰ ਇੱਕ ਮੰਦਰ ਬਣਾਉਣ ਲਈ ਕਿਹਾ। ਸੂਰਜਮਲਜੀ ਨੇ ਜਿਵੇਂ ਉਨ੍ਹਾਂ ਨੂੰ ਕਿਹਾ ਗਿਆ ਸੀ, ਕੀਤਾ ਅਤੇ ਮੰਦਰ ਦੇ ਨਿਰਮਾਣ ਦੀ ਜ਼ਿੰਮੇਵਾਰੀ ਆਪਣੇ ਪੁੱਤਰ ਨੂੰ ਦਿੱਤੀ। ਮੰਦਰ 1975 ਤੱਕ ਪੂਰਾ ਹੋਇਆ ਸੀ।

ਮੰਦਿਰ ਦੀਆਂ ਵਿਸ਼ੇਸ਼ਤਾਵਾਂ: ਮੰਦਿਰ 41 ਕਮਰੇ, ਯੱਗਸ਼ਾਲਾ, ਸ਼੍ਰੀ ਲੰਬੋਰੀਆ ਮਹਾਦੇਵਜੀ ਮੰਦਿਰ, ਸ਼੍ਰੀ ਲੰਬੋਰੀਆ ਬਾਲਾਜੀ ਮੰਦਿਰ ਅਤੇ ਇੱਕ ਸਿੰਘਦੁਆਰ ਵਾਲਾ ਇੱਕ ਕੰਪਲੈਕਸ ਹੈ। ਮੰਦਿਰ ਸਾਲ ਭਰ ਵੱਖ-ਵੱਖ ਧਾਰਮਿਕ ਸਮਾਗਮਾਂ ਦਾ ਆਯੋਜਨ ਕਰਦਾ ਹੈ।




ਬਨੇਰ ਨਦੀ ਦੇ ਕੰਢੇ 'ਤੇ ਸਥਿਤ, ਚਾਮੁੰਡਾ ਦੇਵੀ ਮੰਦਰ ਭਾਰਤ ਦਾ ਇਕ ਹੋਰ ਮਹੱਤਵਪੂਰਨ ਦੁਰਗਾ ਮੰਦਰ ਹੈ। ਪਵਿੱਤਰ ਅਸਥਾਨ ਪਾਲਮਪੁਰ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਕ੍ਰੋਧਿਤ ਰੂਪ ਵਿਚ ਦੇਵਤਾ ਹੈ। ਦੇਵੀ ਵਿੱਚ ਵਿਸ਼ਵਾਸ ਰੱਖਣ ਵਾਲੇ ਸ਼ਰਧਾਲੂ ਇੱਥੇ ਆਪਣੇ ਪੁਰਖਿਆਂ ਲਈ ਅਰਦਾਸ ਕਰਦੇ ਹਨ। ਕਿਹਾ ਜਾਂਦਾ ਹੈ ਕਿ ਪੁਰਾਣੇ ਜ਼ਮਾਨੇ ਵਿਚ ਲੋਕ ਆਪਣੇ ਆਪ ਨੂੰ ਦੇਵੀ ਨੂੰ ਵੀ ਬਲੀ ਦਿੰਦੇ ਸਨ। ਤੁਹਾਨੂੰ ਮੰਦਰ ਦੇ ਅੰਦਰ ਇੱਕ ਸੁੰਦਰ ਤਾਲਾਬ ਵੀ ਮਿਲ ਸਕਦਾ ਹੈ, ਜਿਸ ਵਿੱਚ ਪਵਿੱਤਰ ਪਾਣੀ ਮੰਨਿਆ ਜਾਂਦਾ ਹੈ।

ਮੰਦਰ ਦੀਆਂ ਵਿਸ਼ੇਸ਼ਤਾਵਾਂ: ਮੰਦਰ ਦੀ ਵਿਸ਼ੇਸ਼ਤਾ ਇਹ ਹੈ ਕਿ ਦੇਵਤਾ ਨੂੰ ਲਾਲ ਕੱਪੜੇ ਵਿੱਚ ਢੱਕਿਆ ਗਿਆ ਹੈ ਕਿਉਂਕਿ ਇਹ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਦੇਵਤੇ ਦੇ ਦੋਵੇਂ ਪਾਸੇ ਭਗਵਾਨ ਹਨੂੰਮਾਨ ਅਤੇ ਦੇਵਤਾ ਭੈਰੋ ਦੀਆਂ ਮੂਰਤੀਆਂ ਹਨ। ਇੱਥੇ ਭਗਵਾਨ ਸ਼ਿਵ ਨੂੰ ਮੌਤ ਅਤੇ ਵਿਨਾਸ਼ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਤੁਸੀਂ ਮੰਦਰ ਕੰਪਲੈਕਸ ਦੇ ਅੰਦਰ ਹੋਰ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵੀ ਲੱਭ ਸਕਦੇ ਹੋ।



ਗੁਹਾਟੀ ਦੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਇੱਕ ਕਾਮਾਖਿਆ ਹੈ, ਜੋ ਸ਼ਹਿਰ ਦੇ ਪੱਛਮ ਵਿੱਚ ਲਗਭਗ 8 ਕਿਲੋਮੀਟਰ ਦੀ ਦੂਰੀ 'ਤੇ ਨੀਲਾਚਲ ਪਹਾੜੀ 'ਤੇ ਸਥਿਤ ਹੈ। ਇਹ ਮੰਦਰ ਦੇਵੀ ਕਾਮਾਖਿਆ ਦਾ ਸਨਮਾਨ ਕਰਦਾ ਹੈ, ਜਿਸ ਨੂੰ ਔਰਤ ਊਰਜਾ ਦਾ ਤੱਤ ਮੰਨਿਆ ਜਾਂਦਾ ਹੈ। ਕਾਮਾਖਿਆ ਮੰਦਰ ਦੇਵੀ ਦੁਰਗਾ ਦੇ 108 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਜਿੱਥੋਂ ਤੱਕ ਦੰਤਕਥਾ ਹੈ, ਕਾਮਾਖਿਆ ਹੋਂਦ ਵਿੱਚ ਆਇਆ ਸੀ ਜਦੋਂ ਭਗਵਾਨ ਸ਼ਿਵ ਆਪਣੀ ਪਤਨੀ ਸਤੀ ਦੀ ਲਾਸ਼ ਨੂੰ ਲੈ ਕੇ ਜਾ ਰਹੇ ਸਨ, ਅਤੇ ਉਸਦੀ ਯੋਨੀ (ਮਾਦਾ ਜਣਨ ਅੰਗ) ਉਸ ਥਾਂ 'ਤੇ ਜ਼ਮੀਨ 'ਤੇ ਡਿੱਗ ਗਈ ਜਿੱਥੇ ਹੁਣ ਮੰਦਰ ਖੜ੍ਹਾ ਹੈ। ਮੰਦਰ ਕੁਦਰਤੀ ਗੁਫਾ ਵਿੱਚ ਹੈ ਜਿਸ ਵਿੱਚ ਇੱਕ ਝਰਨਾ ਹੈ। ਧਰਤੀ ਦੀ ਅੰਤੜੀ ਤੱਕ ਪੌੜੀਆਂ ਦੀ ਉਡਾਣ ਤੋਂ ਹੇਠਾਂ, ਮੰਦਰ ਵਿੱਚ ਇੱਕ ਹਨੇਰਾ ਚੈਂਬਰ ਸਥਿਤ ਹੈ। ਇਹ ਉਹ ਥਾਂ ਹੈ ਜਿੱਥੇ ਯੋਨੀ ਜਾਂ ਸਤੀ ਦਾ ਹਿੱਸਾ ਮੰਨਿਆ ਜਾਂਦਾ ਹੈ ਜਿਸ ਨੂੰ ਰੇਸ਼ਮ ਦੀ ਸਾੜੀ ਵਿੱਚ ਲਪੇਟਿਆ ਜਾਂਦਾ ਹੈ ਅਤੇ ਫੁੱਲਾਂ ਨਾਲ ਢੱਕਿਆ ਜਾਂਦਾ ਹੈ। ਕਾਮਾਖਿਆ ਨੂੰ ਤਾਂਤਰਿਕ ਸੰਪਰਦਾ ਲਈ ਇੱਕ ਮਹੱਤਵਪੂਰਨ ਮੰਦਰ ਵਜੋਂ ਜਾਣਿਆ ਜਾਂਦਾ ਹੈ, ਇਹ ਅਸਥਾਨ ਅੰਬੂਬਾਚੀ ਮੇਲੇ ਅਤੇ ਦੁਰਗਾ ਪੂਜਾ ਦੌਰਾਨ ਜੀਵਨ ਵਿੱਚ ਆਉਂਦਾ ਹੈ।





ਇੱਕ ਬਹੁਤ ਹੀ ਸਤਿਕਾਰਯੋਗ ਤੀਰਥ ਸਥਾਨ ਜੋ ਦੇਸ਼ ਭਰ ਦੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ, ਅੰਬਾ ਮਾਤਾ ਮੰਦਿਰ ਗੁਜਰਾਤ ਦੇ ਜੂਨਾਗੜ੍ਹ ਵਿੱਚ ਸਥਿਤ ਹੈ। ਇਹ ਭਾਰਤ ਦੇ ਸਭ ਤੋਂ ਖੂਬਸੂਰਤ ਸ਼ਹਿਰਾਂ ਵਿੱਚੋਂ ਇੱਕ ਹੈ ਅਤੇ ਸਮਾਰਕਾਂ ਅਤੇ ਧਾਰਮਿਕ ਸਥਾਨਾਂ ਨਾਲ ਬਿੰਦੀ ਹੈ। ਇਹ ਸ਼ਹਿਰ ਪਵਿੱਤਰ ਗਿਰਨਾਰ ਪਰਬਤ ਦੇ ਅਧਾਰ 'ਤੇ ਸਥਿਤ ਹੈ ਜੋ ਇਸਨੂੰ ਗੁਜਰਾਤ ਵਿੱਚ ਦੇਖਣ ਲਈ ਇੱਕ ਦਿਲਚਸਪ ਸਥਾਨ ਬਣਾਉਂਦਾ ਹੈ। ਮੰਦਰ ਦੀਆਂ ਵਿਸ਼ੇਸ਼ਤਾਵਾਂ: ਪਹਾੜ 'ਤੇ ਸਥਿਤ ਅੰਬ ਮਾਤਾ ਦਾ ਮੰਦਰ ਹੈ, ਜੋ ਮਾਤਾ ਦੇਵੀ ਦੇ ਅਵਤਾਰ ਨੂੰ ਸਮਰਪਿਤ ਹੈ। ਮੰਦਿਰ ਵਿੱਚ ਅਕਸਰ ਵਿਆਹ ਵਾਲੇ ਲੋਕ ਆਉਂਦੇ ਹਨ ਜੋ ਸਦੀਵੀ ਵਿਆਹੁਤਾ ਅਨੰਦ ਲਈ ਦੇਵੀ ਦਾ ਆਸ਼ੀਰਵਾਦ ਮੰਗਦੇ ਹਨ। ਅੰਬਾ ਮਾਤਾ ਮੰਦਿਰ 12ਵੀਂ ਸਦੀ ਦਾ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਮੰਦਿਰ ਦਾ ਦੌਰਾ ਸੁਖੀ ਵਿਆਹੁਤਾ ਜੀਵਨ ਦੀ ਗਾਰੰਟੀ ਦਿੰਦਾ ਹੈ। ਪਹਾੜ ਦੀ ਚੋਟੀ ਤੋਂ ਵੀ ਕੋਈ ਸ਼ਾਨਦਾਰ ਦ੍ਰਿਸ਼ ਦੇਖ ਸਕਦਾ ਹੈ।

ਕੋਲਕਾਤਾ ਦੇ ਉੱਤਰ ਵਿੱਚ ਵਿਵੇਕਾਨੰਦ ਪੁਲ ਦੇ ਨਾਲ ਸਥਿਤ, ਦਕਸ਼ੀਨੇਸ਼ਵਰ ਕਾਲੀ ਮੰਦਿਰ ਰਾਮਕ੍ਰਿਸ਼ਨ ਨਾਲ ਇਸਦੀ ਸੰਗਤ ਲਈ ਮਸ਼ਹੂਰ ਹੈ, ਜਿਸਨੂੰ ਮੰਨਿਆ ਜਾਂਦਾ ਹੈ ਕਿ ਇੱਥੇ ਅਧਿਆਤਮਿਕ ਦਰਸ਼ਨ ਪ੍ਰਾਪਤ ਕੀਤਾ ਸੀ। ਇਹ ਮੰਦਿਰ ਰਾਣੀ ਰਸ਼ਮੋਨੀ ਨੇ ਸਾਲ 1847 ਵਿੱਚ ਬਣਵਾਇਆ ਦੱਸਿਆ ਜਾਂਦਾ ਹੈ। ਰਾਮਕ੍ਰਿਸ਼ਨ ਇਕ ਵਾਰ ਇੱਥੇ ਮੰਦਰ ਦੇ ਮੁੱਖ ਪੁਜਾਰੀ ਵਜੋਂ ਸੇਵਾ ਕਰਦੇ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਾਲੀ ਦੀ ਮੂਰਤੀ ਦੇ ਸਾਮ੍ਹਣੇ ਪੂਜਾ ਕਰਦੇ ਸਮੇਂ, ਰਾਮਕ੍ਰਿਸ਼ਨ ਜ਼ਮੀਨ 'ਤੇ ਡਿੱਗ ਜਾਂਦਾ ਹੈ ਅਤੇ, ਅਧਿਆਤਮਿਕ ਤ੍ਰਿਪਤੀ ਵਿੱਚ ਲੀਨ ਹੋ ਕੇ, ਬਾਹਰੀ ਸੰਸਾਰ ਦੀ ਸਾਰੀ ਚੇਤਨਾ ਗੁਆ ਦਿੰਦਾ ਹੈ। ਇਸ ਤਰ੍ਹਾਂ ਉਸ ਨੇ ਇੱਥੇ ਅਧਿਆਤਮਿਕ ਦਰਸ਼ਨ ਦੀ ਪ੍ਰਾਪਤੀ ਕੀਤੀ। 12-ਸਪਾਇਰਡ ਮੰਦਰ ਦਾ ਇੱਕ ਵਿਸ਼ਾਲ ਵਿਹੜਾ ਹੈ ਅਤੇ ਇਹ 12 ਹੋਰ ਮੰਦਰਾਂ ਨਾਲ ਘਿਰਿਆ ਹੋਇਆ ਹੈ ਜੋ ਭਗਵਾਨ ਸ਼ਿਵ ਨੂੰ ਸਮਰਪਿਤ ਹਨ।



600 ਸਾਲ ਪੁਰਾਣਾ, ਕਰਨੀ ਮਾਤਾ ਦਾ ਮੰਦਰ ਕਰਨੀ ਮਾਤਾ ਦੇ ਰੂਪ ਵਿੱਚ ਦੇਵੀ ਦੁਰਗਾ ਨੂੰ ਸਮਰਪਿਤ ਹੈ। ਦੰਤਕਥਾ ਹੈ ਕਿ ਉਸਨੇ ਰਾਓ ਬੀਕਾ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਸੀ। ਕਰਨੀ ਮਾਤਾ ਮੰਦਿਰ ਦੀ ਵਿਲੱਖਣ ਵਿਸ਼ੇਸ਼ਤਾ ਹੈ ਚੂਹਿਆਂ ਦੀ ਆਬਾਦੀ ਜੋ ਮੰਦਰ ਵਿੱਚ ਰਹਿੰਦੇ ਹਨ। ਇਸ ਵਿਸ਼ਵਾਸ ਦੇ ਕਾਰਨ ਕਿ ਦੇਵੀ ਦੇ ਭਗਤਾਂ ਦੀਆਂ ਆਤਮਾਵਾਂ ਚੂਹਿਆਂ ਵਿੱਚ ਬਦਲ ਗਈਆਂ ਹਨ ਅਤੇ ਨਤੀਜੇ ਵਜੋਂ, ਉਨ੍ਹਾਂ ਦੀ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ। ਚੂਹਿਆਂ ਨੂੰ ਪ੍ਰਸ਼ਾਦ ਵੀ ਚੜ੍ਹਾਇਆ ਜਾਂਦਾ ਹੈ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ ਵੀ ਮਾਰ ਦੇਣਾ (ਇਥੋਂ ਤੱਕ ਕਿ ਦੁਰਘਟਨਾ ਨਾਲ) ਪਸ਼ਚਾਤਾਪ ਦੇ ਯੋਗ ਬਣ ਜਾਂਦਾ ਹੈ। ਮੰਦਰ ਦੀ ਇਕ ਹੋਰ ਵਿਸ਼ੇਸ਼ਤਾ ਇਸ ਦੇ ਵੱਡੇ ਚਾਂਦੀ ਦੇ ਦਰਵਾਜ਼ੇ ਅਤੇ ਸੰਗਮਰਮਰ ਦੀ ਨੱਕਾਸ਼ੀ ਹੈ ਜੋ ਮਹਾਰਾਜਾ ਗੰਗਾ ਸਿੰਘ ਦੁਆਰਾ ਦਾਨ ਕੀਤੀ ਗਈ ਸੀ। ਮੰਦਰ ਵਿੱਚ ਨਵਰਾਤਰੀ ਤਿਉਹਾਰ ਦੇ ਆਲੇ ਦੁਆਲੇ ਭਾਰੀ ਭੀੜ ਦਿਖਾਈ ਦਿੰਦੀ ਹੈ।



ਨੈਨੀਤਾਲ ਵਿੱਚ ਨੈਨਾ ਦੇਵੀ ਮੰਦਰ ਝੀਲ ਦੇ ਕਿਨਾਰੇ ਸਥਿਤ ਹੈ। ਝੀਲ ਨੂੰ ਦੇਖਦੇ ਹੋਏ, ਨੈਨਾ ਦੇਵੀ ਨੈਨੀਤਾਲ ਵਿੱਚ ਇੱਕ ਪ੍ਰਸਿੱਧ ਸਥਾਨ ਹੈ। ਦੰਤਕਥਾ ਹੈ ਕਿ ਜਦੋਂ ਭਗਵਾਨ ਸ਼ਿਵ ਸਤੀ ਦੀ ਸੜੀ ਹੋਈ ਲਾਸ਼ ਨੂੰ ਲੈ ਕੇ ਜਾ ਰਹੇ ਸਨ ਤਾਂ ਉਨ੍ਹਾਂ ਦੀ ਨਿਗਾਹ ਉਸ ਸਥਾਨ 'ਤੇ ਪਈ ਜਿੱਥੇ ਇਹ ਮੰਦਰ ਸਥਿਤ ਹੈ। ਇਸ ਲਈ ਇਸ ਮੰਦਰ ਦਾ ਨਾਂ ਨੈਣਾ (ਅੱਖਾਂ) ਦੇਵੀ ਪੈ ਗਿਆ।

ਮੰਦਿਰ ਦੀਆਂ ਵਿਸ਼ੇਸ਼ਤਾਵਾਂ: ਮੰਦਿਰ ਦਾ ਇੱਕ ਵਿਹੜਾ ਹੈ ਜਿੱਥੇ ਖੱਬੇ ਪਾਸੇ ਇੱਕ ਵੱਡਾ ਪੀਪਲ ਦਾ ਰੁੱਖ ਹੈ। ਮੰਦਰ ਦੇ ਸੱਜੇ ਪਾਸੇ ਭਗਵਾਨ ਹਨੂੰਮਾਨ ਅਤੇ ਗਣੇਸ਼ ਦੀਆਂ ਮੂਰਤੀਆਂ ਹਨ। ਮੰਦਰ ਦੇ ਮੁੱਖ ਪ੍ਰਵੇਸ਼ ਦੁਆਰ ਦੇ ਬਾਹਰ ਸ਼ੇਰਾਂ ਦੀਆਂ ਦੋ ਮੂਰਤੀਆਂ ਲਗਾਈਆਂ ਗਈਆਂ ਹਨ। ਮੰਦਰ ਦੇ ਅੰਦਰ ਸ਼ਰਧਾਲੂ ਤਿੰਨ ਦੇਵਤਿਆਂ ਦੇ ਦਰਸ਼ਨ ਕਰ ਸਕਦੇ ਹਨ। ਖੱਬੇ ਪਾਸੇ ਕਾਲੀ ਦੇਵੀ ਹੈ, ਦੋ ਨੇਤਰਾਂ ਜਾਂ ਅੱਖਾਂ ਨੂੰ ਦਰਸਾਉਂਦੀ ਕੇਂਦਰ ਮਾਂ ਨੈਣਾ ਦੇਵੀ ਹੈ ਅਤੇ ਸੱਜੇ ਪਾਸੇ ਭਗਵਾਨ ਗਣੇਸ਼ ਦੀ ਮੂਰਤੀ ਹੈ।



ਕਨਕ ਦੁਰਗਾ ਨੂੰ ਸ਼ਕਤੀ, ਧਨ ਅਤੇ ਪਰਉਪਕਾਰੀ ਦੀ ਦੇਵੀ ਮੰਨਿਆ ਜਾਂਦਾ ਹੈ। ਦੇਵੀ ਦੁਰਗਾ ਦੇ ਰੂਪਾਂ ਵਿੱਚੋਂ ਇੱਕ ਹੋਣ ਕਰਕੇ, ਕਨਕ ਵਿਜੇਵਾੜਾ ਸ਼ਹਿਰ ਦੀ ਪ੍ਰਧਾਨ ਦੇਵਤਾ ਹੈ। ਇਹ ਮੰਦਰ ਇੰਦਰਕਿਲਾਦਰੀ ਪਹਾੜੀ 'ਤੇ ਸਥਾਪਿਤ ਹੈ ਅਤੇ ਦੇਵਤੇ ਨੂੰ ਸਵੈ-ਪ੍ਰਗਟ ਜਾਂ ਸਵੈ-ਪ੍ਰਗਟ ਮੰਨਿਆ ਜਾਂਦਾ ਹੈ, ਇਸ ਲਈ ਇਸਨੂੰ ਬਹੁਤ ਸ਼ਕਤੀਸ਼ਾਲੀ ਅਤੇ ਪਵਿੱਤਰ ਮੰਨਿਆ ਜਾਂਦਾ ਹੈ। ਉਹ ਚੰਡੀ ਜਾਂ ਰਾਖਸ਼ ਦੁਰਗਾਮਾ ਦੇ ਵਿਨਾਸ਼ਕਾਰੀ ਦਾ ਰੂਪ ਵੀ ਲੈਂਦੀ ਹੈ ਜਿਸ ਨੇ ਦੱਖਣਪੱਥ ਦੇ ਸ਼ਾਂਤੀ-ਪ੍ਰੇਮੀ ਨਿਵਾਸੀਆਂ ਵਿੱਚ ਤਬਾਹੀ ਮਚਾਈ ਸੀ। ਇਹ ਮੰਨਿਆ ਜਾਂਦਾ ਹੈ ਕਿ ਆਦਿ ਸ਼ੰਕਰ ਨੇ ਇਸ ਮੰਦਰ ਦਾ ਦੌਰਾ ਕੀਤਾ ਅਤੇ ਇੱਥੇ ਸ਼੍ਰੀ ਚੱਕਰ ਸਥਾਪਿਤ ਕੀਤਾ। ਇਸ ਮੰਦਰ ਦਾ ਜ਼ਿਕਰ ਕਈ ਸਿਵਲੀਲਾਂ ਅਤੇ ਸ਼ਕਤੀਮਹਿਮਾਸ ਲਈ ਧਰਮ ਗ੍ਰੰਥਾਂ ਵਿੱਚ ਵੀ ਕੀਤਾ ਗਿਆ ਹੈ ਅਤੇ ਇਸਦੇ ਆਲੇ ਦੁਆਲੇ ਬਣਾਏ ਗਏ ਸਨ।





ਜਵਾਲਾਜੀ ਮੰਦਰ ਭਾਰਤ ਦੇ ਸਭ ਤੋਂ ਪ੍ਰਸਿੱਧ ਦੁਰਗਾ ਮੰਦਰਾਂ ਵਿੱਚੋਂ ਇੱਕ ਹੈ। ਕਾਂਗੜਾ ਘਾਟੀ ਤੋਂ 30 ਕਿਲੋਮੀਟਰ ਦੱਖਣ ਵਿੱਚ ਸਥਿਤ, ਇਹ ਦੇਵੀ ਜਵਾਲਾਮੁਖੀ ਨੂੰ ਸਮਰਪਿਤ ਹੈ ਜੋ ਦੇਵੀ ਮਾਂ ਦਾ ਇੱਕ ਰੂਪ ਹੈ। ਜਵਾਲਾਜੀ ਮੰਦਿਰ ਵਿੱਚ ਕੁਦਰਤੀ ਲਾਟਾਂ ਹਨ ਜੋ ਨੌਂ ਦੇਵੀ - ਮਹਾਕਾਲੀ, ਅਨਪੂਰਨਾ, ਚੰਡੀ, ਹਿੰਗਲਾਜ, ਬਿੰਧਿਆ ਬਸਨੀ, ਮਹਾਂ ਲਕਸ਼ਮੀ, ਸਰਸਵਤੀ, ਅੰਬਿਕਾ ਅਤੇ ਅੰਜੀ ਦੇਵੀ ਦੇ ਪ੍ਰਗਟਾਵੇ ਵਜੋਂ ਪੂਜੀਆਂ ਜਾਂਦੀਆਂ ਹਨ। ਇਹ ਲਾਟਾਂ ਕੁਦਰਤੀ ਤੌਰ 'ਤੇ ਨਿਰੰਤਰ ਬਲਦੀਆਂ ਹਨ, ਇਸ ਲਈ ਕਿਸੇ ਬਾਲਣ ਜਾਂ ਸਹਾਇਤਾ ਦੀ ਲੋੜ ਨਹੀਂ ਹੁੰਦੀ ਹੈ ਕਿਉਂਕਿ ਇਹ ਚੱਟਾਨ ਦੇ ਪਾਸਿਓਂ ਫਟਦੀਆਂ ਦਿਖਾਈ ਦਿੰਦੀਆਂ ਹਨ। ਇੱਕ ਕਥਾ ਦੇ ਅਨੁਸਾਰ, ਜਦੋਂ ਦੈਂਤਾਂ ਨੇ ਹਿਮਾਲਿਆ ਪਹਾੜਾਂ ਉੱਤੇ ਰਾਜ ਕੀਤਾ ਅਤੇ ਦੇਵਤਿਆਂ ਨੂੰ ਪਰੇਸ਼ਾਨ ਕੀਤਾ, ਤਾਂ ਭਗਵਾਨ ਵਿਸ਼ਨੂੰ ਨੇ ਹੋਰ ਦੇਵਤਿਆਂ ਦੇ ਨਾਲ ਉਨ੍ਹਾਂ ਨੂੰ ਤਬਾਹ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਆਪਣੀ ਸ਼ਕਤੀ ਕੇਂਦਰਿਤ ਕੀਤੀ ਅਤੇ ਜ਼ਮੀਨ ਤੋਂ ਵੱਡੀਆਂ ਵੱਡੀਆਂ ਲਾਟਾਂ ਉੱਠੀਆਂ ਅਤੇ ਉਸ ਅੱਗ ਤੋਂ, ਇੱਕ ਜਵਾਨ ਲੜਕੀ ਨੇ ਜਨਮ ਲਿਆ ਅਤੇ ਉਸ ਨੂੰ ਆਦਿਸ਼ਕਤੀ-'ਪਹਿਲੀ ਸ਼ਕਤੀ' ਕਿਹਾ ਜਾਂਦਾ ਹੈ, ਜਵਾਲਾਜੀ ਨੂੰ ਉਹੀ ਸ਼ਕਤੀ ਕਿਹਾ ਜਾਂਦਾ ਹੈ ਅਤੇ ਇਸ ਲਈ ਉਨ੍ਹਾਂ ਵਿੱਚ ਬਹੁਤ ਸਤਿਕਾਰਿਆ ਜਾਂਦਾ ਹੈ। ਵਿਸ਼ਵਾਸੀ.



ਮੈਸੂਰ ਵਿੱਚ ਬਹੁਤ ਮਸ਼ਹੂਰ ਸ਼੍ਰੀ ਚਾਮੁੰਡੇਸ਼ਵਰੀ ਮੰਦਿਰ ਸੁੰਦਰ ਚਾਮੁੰਡੀ ਪਹਾੜੀਆਂ ਦੇ ਉੱਪਰ ਸਥਿਤ ਹੈ। ਇਹ ਮੰਦਰ ਦੇਵੀ ਚਾਮੁੰਡੀ ਨੂੰ ਸਮਰਪਿਤ ਹੈ, ਜੋ ਦੇਵੀ ਦੁਰਗਾ ਦਾ ਇੱਕ ਹੋਰ ਅਵਤਾਰ ਹੈ। ਮੰਨਿਆ ਜਾਂਦਾ ਹੈ ਕਿ ਇਹ ਅਸਥਾਨ 12ਵੀਂ ਸਦੀ ਵਿੱਚ ਬਣਾਇਆ ਗਿਆ ਸੀ ਜਦੋਂ ਕਿ ਇਸਦਾ ਟਾਵਰ ਮੁਕਾਬਲਤਨ ਨਵਾਂ ਹੈ ਅਤੇ ਲਗਭਗ 300 ਸਾਲ ਪੁਰਾਣਾ ਹੈ। ਸ਼ਰਧਾਲੂ ਇਸ ਵਿਸ਼ਵਾਸ ਨਾਲ ਆਉਂਦੇ ਹਨ ਕਿ ਦੇਵੀ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਮਦਦ ਕਰ ਸਕਦੀ ਹੈ। ਮੰਦਰ ਦੀਆਂ ਵਿਸ਼ੇਸ਼ਤਾਵਾਂ: ਮੰਦਰ ਦੀਆਂ ਸੱਤ ਮੰਜ਼ਲਾਂ ਹਨ ਅਤੇ ਇੱਕ 40-ਮੀਟਰ ਉੱਚਾ 'ਗੋਪੁਰਮ' ਹੈ ਜੋ ਗੁੰਝਲਦਾਰ ਨੱਕਾਸ਼ੀ ਨਾਲ ਸ਼ਿੰਗਾਰਿਆ ਗਿਆ ਹੈ। ਮੰਦਰ ਦਾ ਮੁੱਖ ਆਕਰਸ਼ਣ ਚਾਮੁੰਡਾ ਦੇਵੀ ਦੀ ਮੂਰਤੀ ਹੈ, ਜੋ ਕਿ ਸ਼ੁੱਧ ਸੋਨੇ ਦੀ ਬਣੀ ਹੋਈ ਹੈ। ਮੰਦਿਰ ਦੇ ਦਰਵਾਜ਼ੇ ਚਾਂਦੀ ਦੇ ਹਨ, ਇਸ ਅਸਥਾਨ ਵਿੱਚ ਇੱਕ ਗਹਿਣੇ ਨਕਸ਼ਤਰ-ਮਲੀਕੇ ਦਾ ਵੀ ਮਾਣ ਹੈ ਜਿਸ ਉੱਤੇ 30 ਸੰਸਕ੍ਰਿਤ ਸਲੋਕ ਲਿਖੇ ਹੋਏ ਹਨ। ਮੰਦਿਰ ਦੇ ਨੇੜੇ ਮਹੀਸ਼ਾਸੁਰਾ (ਦੈਂਤ, ਦੇਵੀ ਨੂੰ ਇਸ ਖੇਤਰ ਦੀ ਰੱਖਿਆ ਲਈ ਮਾਰਿਆ ਗਿਆ) ਦੀ 16 ਫੁੱਟ ਉੱਚੀ ਮੂਰਤੀ ਸ਼੍ਰੀ ਚਾਮੁੰਡੇਸ਼ਵਰੀ ਮੰਦਿਰ ਦੀ ਇੱਕ ਹੋਰ ਮਹੱਤਵਪੂਰਣ ਵਿਸ਼ੇਸ਼ਤਾ ਹੈ।



ਦੇਵੀ ਪਾਟਨ ਮੰਦਿਰ 51 ਸ਼ਕਤੀ ਪੀਠਾਂ ਵਿੱਚੋਂ ਇੱਕ ਹੈ। ਗੋਂਡਾ ਤੋਂ 70 ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਪਵਿੱਤਰ ਅਸਥਾਨ ਹਿਮਾਲੀਅਨ ਤਰਾਈ ਦੀ ਸੁੰਦਰਤਾ ਦੇ ਵਿਚਕਾਰ ਹੈ। ਕਥਾ ਅਨੁਸਾਰ ਜਦੋਂ ਭਗਵਾਨ ਸ਼ਿਵ ਆਪਣੀ ਪਤਨੀ ਸਤੀ ਦੀ ਲਾਸ਼ ਨੂੰ ਲੈ ਕੇ ਜਾ ਰਹੇ ਸਨ ਤਾਂ ਸਤੀ ਦਾ ਸੱਜਾ ਮੋਢਾ ਇੱਥੇ ਡਿੱਗ ਪਿਆ ਸੀ।

ਇੱਥੇ ਮੌਜੂਦਾ ਮੰਦਰ ਨੂੰ ਰਾਜਾ ਵਿਕਰਮਾਦਿਤਯ ਦੁਆਰਾ ਬਣਾਇਆ ਗਿਆ ਮੰਨਿਆ ਜਾਂਦਾ ਹੈ। 11ਵੀਂ ਸਦੀ ਵਿੱਚ ਸ਼ਰਾਵਸਤੀ ਦੇ ਰਾਜਾ ਸੁਹੇਲਦੇਓ ਨੇ ਮੰਦਰ ਦਾ ਮੁਰੰਮਤ ਕਰਵਾਇਆ। ਨਵਰਾਤਰੀ ਵਿੱਚ ਇੱਕ ਵੱਡਾ ਮੇਲਾ ਲੱਗਦਾ ਹੈ ਅਤੇ ਹਰ ਸਾਲ ਚੈਤਰ ਪੰਚਮੀ ਨੂੰ ਪੀਰ ਰਤਨ ਨਾਥ ਦੇ ਦੇਵਤੇ ਨੂੰ ਨੇਪਾਲ ਦੇ ਡਾਂਗ ਤੋਂ ਦੇਵੀ ਪਾਟਨ ਮੰਦਰ ਵਿੱਚ ਲਿਆਂਦਾ ਜਾਂਦਾ ਹੈ ਜਿੱਥੇ ਇਸ ਦੀ ਦੇਵੀ ਦੇ ਨਾਲ ਪੂਜਾ ਕੀਤੀ ਜਾਂਦੀ ਹੈ।



ਮੰਗਲੌਰ ਸ਼ਹਿਰ ਤੋਂ 29 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਦੱਖਣੀ ਕਰਨਾਟਕ ਵਿੱਚ ਕਾਤੀਲ ਹਿੰਦੂ ਸ਼ਰਧਾਲੂਆਂ ਲਈ ਇੱਕ ਪਵਿੱਤਰ ਸਥਾਨ ਹੈ। ਸ਼੍ਰੀ ਦੁਰਗਾ ਪਰਮੇਸ਼ਵਰੀ ਰਾਜ ਦਾ ਇੱਕ ਮਹੱਤਵਪੂਰਨ ਮੰਦਰ ਹੈ ਅਤੇ ਇਹ ਦੇਵੀ ਦੁਰਗਾ ਪਰਮੇਸ਼ਵਰੀ ਨੂੰ ਸਮਰਪਿਤ ਹੈ। ਪਵਿੱਤਰ ਨਦੀ ਦੇ ਵਿਚਕਾਰ ਸਥਿਤ, ਸ਼੍ਰੀ ਦੁਰਗਾ ਪਰਮੇਸ਼ਵਰੀ ਮੰਦਿਰ ਸੁੰਦਰ ਦ੍ਰਿਸ਼ਾਂ ਨਾਲ ਘਿਰਿਆ ਹੋਇਆ ਹੈ। ਹਰ ਸੰਕਰਮਣ 'ਤੇ, ਸ਼ਰਧਾਲੂ ਦੇਵੀ ਨੂੰ ਨਾਰੀਅਲ ਦੀ ਸੇਵਾ ਭੇਟ ਕਰਦੇ ਹਨ। ਹਰ ਦੁਪਹਿਰ ਅਤੇ ਰਾਤ ਨੂੰ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਮੁਫਤ ਭੋਜਨ ਵੀ ਦਿੱਤਾ ਜਾਂਦਾ ਹੈ। ਕਿਉਂਕਿ ਦੇਵੀ ਸ਼੍ਰੀ ਦੁਰਗਾ ਪਰਮੇਸ਼ਵਰੀ ਨੂੰ ਨਾਚ ਅਤੇ ਸੰਗੀਤ ਦਾ ਅਨੰਦ ਮਾਣਿਆ ਜਾਂਦਾ ਹੈ, ਇਸ ਲਈ ਇੱਕ ਨਾਟਕ ਟੀਮ ਵਿਸ਼ੇਸ਼ ਤੌਰ 'ਤੇ ਯਕਸ਼ਗਾਨ (ਲੋਕ ਨਾਟਕ) ਦੀ ਸੱਭਿਆਚਾਰਕ ਗਤੀਵਿਧੀ ਲਈ ਸਮਰਪਿਤ ਹੈ।